ਭਾਰਤ ਦਾ ਇੱਕੋ-ਇੱਕ ਹਫਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ

ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027

Editor : Jagpreet Singh • RNI 42269/83 (PUNPUN00806) • Issue Dated 20-06-2026 • Vol.44 No.25 • M. 90410-14575 • Page 16 | E-mail : khetiduniyan1983@gmail.com

Crop® Chemicals

ISO 9001:2015 & 14001:2015 CERTIFIED

ਬਿਹਤਰ ਗੁਣਵੱਤਾ ਬਿਹਤਰ ਫਸਲ

ਗਰਮੀ ਦੌਰਾਨ ਸਹੀ ਬਾਗ ਪ੍ਰਬੰਧਨ ਨਾਲ ਬੂਟਿਆਂ ਨੂੰ ਗਰਮੀ ਤੋਂ ਬਚਾਅ ਸਕਦੇ ਹਾਂ

ਗਰਮੀ ਰੁੱਤ ਦੌਰਾਨ ਬਾਗਾਂ ਦੀ ਸਾਂਭ-ਸੰਭਾਲ

ਇੰਦਿਰਾ ਦੇਵੀ, ਹੁਸ਼ਿਆਰਪੁਰ

ਗਰਮੀ ਦੇ ਮੌਸਮ ਦੌਰਾਨ ਫਲਾਂ ਦੇ ਬਾਗਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ । ਉੱਚ ਤਾਪਮਾਨ, ਗਰਮ ਹਵਾਵਾਂ, ਘੱਟ ਨਮੀ ਅਤੇ ਪਾਣੀ ਦੀ ਕਮੀ ਬੂਟਿਆਂ ਦੇ ਵਾਧੇ, ਫਲਾਂ ਦੇ ਵਿਕਾਸ, ਗੁਣਵੱਤਾ ਅਤੇ ਕੁੱਲ ਪੈਦਾਵਾਰ ਨੂੰ ਪ੍ਰਭਾਵਿਤ ਕਰਦੀ ਹੈ।

ਗਰਮੀ ਦੌਰਾਨ ਸਹੀ ਬਾਗ ਪ੍ਰਬੰਧਨ ਨਾਲ ਬੂਟਿਆਂ ਨੂੰ ਗਰਮੀ ਤੋਂ ਬਚਾਅ ਸਕਦੇ ਹਾਂ ਅਤੇ ਫਲਾਂ ਦੀ ਗੁਣਵੱਤਾ ਅਤੇ ਉਤਪਾਦਕਤਾ ਵਿੱਚ ਸੁਧਾਰ ਹੁੰਦਾ ਹੈ । ਸਦਾਬਹਾਰ ਫਲਦਾਰ ਬੂਟੇ ਜਿਵੇਂ ਕਿ ਕਿੰਨੂ, ਅੰਬ, ਲੀਚੀ, ਪਪੀਤਾ, ਅਮਰੂਦ, ਡਰੈਗਨ ਫਰੂਟ ਆਦਿ ਉੱਚ ਤਾਪਮਾਨ ਲਈ ਬਹੁਤ ਸੰਵੇਦਨਸ਼ੀਲ ਹਨ । ਗਰਮੀ ਦੇ ਮੌਸਮ ਵਿੱਚ ਅਪਣਾਏ ਜਾਣ ਵਾਲੇ ਕੁਝ ਬਾਗ ਪ੍ਰਬੰਧਨ ਤਰੀਕੇ ਹੇਠ ਲਿਖੇ ਹਨ ।

ਸਿੰਚਾਈ ਪ੍ਰਬੰਧਨ

ਗਰਮੀ ਦੇ ਮੌਸਮ ਦੌਰਾਨ ਜ਼ਿਆਦਾ ਵਾਸ਼ਪੀਕਰਨ ਕਾਰਨ ਫਲਦਾਰ ਬੂਟਿਆਂ ਨੂੰ ਵੱਧ ਪਾਣੀ ਦੀ ਲੋੜ ਹੁੰਦੀ ਹੈ, ਇਸ ਲਈ ਸਮੇਂ-ਸਿਰ, ਸਹੀ ਮਾਤਰਾ ਅਤੇ ਸੁਚੱਜੇ ਢੰਗ ਨਾਲ ਸਿੰਚਾਈ ਬਹੁਤ ਜ਼ਰੂਰੀ ਹੈ । ਸਿੰਚਾਈ ਸਵੇਰੇ ਜਾਂ ਸ਼ਾਮ ਦੇ ਸਮੇਂ ਕਰਨੀ ਚਾਹੀਦੀ ਹੈ, ਤਾਂ ਜੋ ਪਾਣੀ ਦੀ ਬਰਬਾਦੀ ਘੱਟ ਹੋਵੇ । ਸ਼ਾਮ ਦੇ ਸਮੇਂ ਬੂਟਿਆਂ 'ਤੇ ਪਾਣੀ ਦਾ ਛਿੜਕਾਅ ਕਰਨ ਨਾਲ ਨਿੰਬੂ ਅਤੇ ਅਨਾਰ ਦੇ ਫਲਾਂ ਨੂੰ ਫਟਣ ਤੋਂ ਬਚਾਇਆ ਜਾ ਸਕਦਾ ਹੈ ।

ਕਿੰਨੂ ਦੇ ਬਾਗਾਂ ਵਿੱਚ ਤੁਪਕਾ ਸਿੰਚਾਈ ਬਹੁਤ ਲਾਭਕਾਰੀ ਹੈ, ਕਿਉਂਕਿ ਇਸ ਦੇ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਮਿੱਟੀ ਵਿੱਚ ਸਹੀ ਨਮੀ ਵੀ ਬਣੀ ਰਹਿੰਦੀ ਹੈ। ਆਮ ਤੌਰ 'ਤੇ 2-3 ਸਾਲ ਤੱਕ ਦੇ ਛੋਟੇ ਬੂਟਿਆਂ ਨੂੰ ਹਫਤੇ ਦੇ ਵਕਫੇ 'ਤੇ ਸਿੰਚਾਈ ਦੀ ਲੋੜ ਹੁੰਦੀ ਹੈ, ਜਦੋਂਕਿ ਪੁਰਾਣੇ ਬੂਟਿਆਂ ਨੂੰ ਮੌਸਮ, ਮੀਂਹ ਅਤੇ ਮਿੱਟੀ ਦੀ ਕਿਸਮ ਅਨੁਸਾਰ 2-3 ਹਫਤਿਆਂ ਦੇ ਅੰਤਰਾਲ 'ਤੇ ਪਾਣੀ ਦੇਣਾ ਚਾਹੀਦਾ ਹੈ ।

ਮਲਚਿੰਗ

ਗਰਮੀ ਦੇ ਮੌਸਮ ਦੌਰਾਨ ਬਾਗਾਂ ਵਿੱਚ ਮਲਚ ਵਿਛਾਉਣਾ ਬਹੁਤ ਲਾਭਕਾਰੀ ਹੈ । ਝੋਨੇ ਦੀ ਪਰਾਲੀ, ਸੁੱਕੇ ਪੱਤੇ ਆਦਿ ਜੈਵਿਕ ਮਲਚ ਮਿੱਟੀ ਦੀ ਨਮੀ ਸੰਭਾਲਣ, ਤਾਪਮਾਨ ਸੰਤੁਲਿਤ ਰੱਖਣ ਅਤੇ ਨਦੀਨਾਂ ਦੀ ਰੋਕਥਾਮ ਕਰਨ ਵਿੱਚ ਮਦਦ ਕਰਦੇ ਹਨ। ਕਿੰਨੂ, ਅਮਰੂਦ, ਨਾਸ਼ਪਾਤੀ, ਆੜੂ, ਬੇਰ ਅਤੇ ਆਲੂ ਬੁਖਾਰਾ ਆਦਿ ਫਲਾਂ ਵਿੱਚ ਅਪ੍ਰੈਲ ਤੋਂ ਜੂਨ ਦੇ ਮਹੀਨਿਆਂ ਦੌਰਾਨ ਉੱਚ ਤਾਪਮਾਨ (40 ਡਿਗਰੀ ਸੈਲਸੀਅਸ) ਅਤੇ ਘੱਟ ਨਮੀ ਨਾਲ ਫਲਾਂ ਦੇ ਕੇਰੇ ਦੀ ਸਮੱਸਿਆ ਆਉਂਦੀ ਹੈ । ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਨ੍ਹਾਂ ਫਲਾਂ ਦੇ ਬਾਗਾਂ ਲਈ ਝੋਨੇ ਦੀ ਪਰਾਲੀ ਨਾਲ ਮਲਚਿੰਗ ਦੀ ਤਕਨੀਕ ਅਤੇ ਸਮਾਂ-ਸਾਰਣੀ ਦੱਸੀ ਜਾਂਦੀ ਹੈ ।

ਜ਼ਿਆਦਾ ਗਰਮੀ ਨਾਲ ਫਲਾਂ ਅਤੇ ਟਾਹਣੀਆਂ 'ਤੇ ਧੱਬੇ ਪੈ ਜਾਂਦੇ ਹਨ । ਬੂਟਿਆਂ ਦੇ ਤਣਿਆਂ 'ਤੇ ਸਫੈਦੀ ਕਰਨ ਨਾਲ ਧੁੱਪ ਦੇ ਤਿੱਖੇਪਣ ਅਤੇ ਛਿੱਲ ਨੂੰ ਫਟਣ ਤੋਂ ਬਚਾਇਆ ਜਾ ਸਕਦਾ ਹੈ ।

ਸਫੈਦੀ ਦਾ ਮਿਸ਼ਰਣ ਬਣਾਉਣ ਲਈ 25 ਕਿਲੋ ਬੁਝਿਆ ਚੂਨਾ, 500 ਗ੍ਰਾਮ ਨੀਲਾ ਥੋਥਾ ਅਤੇ 500 ਗ੍ਰਾਮ ਗੂੰਦ (ਸੁਰੇਸ਼) ਨੂੰ 100 ਲੀਟਰ ਪਾਣੀ ਵਿੱਚ ਘੋਲ ਬਣਾ ਲਉ । ਗੂੰਦ ਨੂੰ ਪਹਿਲਾਂ ਗਰਮ ਪਾਣੀ ਵਿੱਚ ਘੋਲ ਕੇ ਫਿਰ ਮਿਸ਼ਰਣ ਬਣਾ ਲਉ । ਨਵੇਂ ਬਾਗਾਂ ਵਿੱਚ ਛੋਟੇ ਬੂਟਿਆਂ ਨੂੰ ਗਰਮੀ ਤੋਂ ਬਚਾਉਣ ਲਈ ਸ਼ੇਡ ਨੈਟ, ਝੋਨੇ ਦੀ ਪਰਾਲੀ ਜਾਂ ਸਰਕੰਡੇ ਦੀਆਂ ਕੁੱਲ੍ਹੀਆਂ ਬਣਾ ਕੇ ਢੱਕ ਦਿਉ । ਛੋਟੇ ਬੂਟਿਆਂ ਦੇ ਆਲੇ-ਦੁਆਲੇ ਢੈਂਚਾ ਬੀਜਣ ਨਾਲ ਵੀ ਗਰਮੀ ਤੋਂ ਬੂਟਿਆਂ ਨੂੰ ਬਚਾਇਆ ਜਾ ਸਕਦਾ ਹੈ ।

ਕਾਂਟ-ਛਾਂਟ

ਸੁੱਕੀਆਂ ਅਤੇ ਬੀਮਾਰ ਟਾਹਣੀਆਂ ਨੂੰ ਹਟਾਉਣ ਲਈ ਹਲਕੀ ਕਾਂਟ-ਛਾਂਟ ਕੀਤੀ ਜਾ ਸਕਦੀ ਹੈ । ਗਰਮੀ ਵਿੱਚ ਬਹੁਤ ਜ਼ਿਆਦਾ ਕਾਂਟ-ਛਾਂਟ ਨਹੀਂ ਕਰਨੀ ਚਾਹੀਦੀ, ਕਿਉਂਕਿ ਘੱਟ ਪੱਤਿਆਂ ਨਾਲ ਪ੍ਰਕਾਸ਼ ਸੰਸ਼ਲੇਸ਼ਣ ਘਟਦਾ ਹੈ, ਜਿਸ ਨਾਲ ਬੂਟੇ ਦੀ ਖੁਰਾਕ ਘੱਟ ਬਣਦੀ ਹੈ, ਜੋ ਕਿ ਬੂਟੇ ਦੇ ਵਾਧੇ ਅਤੇ ਉਤਪਾਦਕਤਾ ਨੂੰ ਪ੍ਰਭਾਵਿਤ ਕਰਦੀ ਹੈ । ਬਾਗ ਲਗਾਉਣ ਤੋਂ ਪਹਿਲਾਂ ਹਵਾਵਾਂ ਵਾਲੇ ਪਾਸੇ ਜਾਮਣ, ਦੇਸੀ ਅੰਬ, ਤੂਤ, ਸਫੈਦਾ ਅਤੇ ਅਰਜੁਨ ਵਰਗੇ ਰੁੱਖ ਲਗਾਏ ਜਾਣੇ ਚਾਹੀਦੇ ਹਨ । ਇਹ ਗਰਮ ਅਤੇ ਠੰਢੀਆਂ ਹਵਾਵਾਂ ਤੋਂ ਅਤੇ ਤੇਜ਼ ਹਨੇਰੀ ਤੂਫਾਨ ਤੋਂ ਬਾਗ ਨੂੰ ਬਚਾਉਂਦੇ ਹਨ ।

ਇਨ੍ਹਾਂ ਰੋਕਾਂ ਲਈ ਲਾਏ ਗਏ ਦਰੱਖਤਾਂ ਦੇ ਵਿਚਾਲੇ ਬੋਗਨਵਿਲੀਆ, ਜੱਟੀ ਖੱਟੀ, ਗਲਗਲ, ਕਰੌਂਦਾ ਆਦਿ ਦੀ ਵਾੜ ਵੀ ਲਾ ਦੇਣੀ ਚਾਹੀਦੀ ਹੈ । ਨਿੰਬੂ ਜਾਤੀ ਦੇ ਬਾਗਾਂ ਦੁਆਲੇ ਨਿੰਬੂ ਜਾਤੀ ਦੇ ਬੂਟਿਆਂ ਦੀ ਵਾੜ ਨਹੀਂ ਲਾਉਣੀ ਚਾਹੀਦੀ ।

ਸੋਇਆਬੀਨ ਦੀ ਫ਼ਸਲ ਨੂੰ ਕੀੜੇ-ਮਕੌੜਿਆਂ ਤੋਂ ਕਿਵੇਂ ਬਚਾਈਏ?

ਅਮਨਦੀਪ ਕੌਰ, ਗੁਰਬੀਰ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ
ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ (ਮੋ. 78892-94391)



ਸੋਇਆਬੀਨ 'ਗੋਲਡਨ ਬੀਨ' ਦੇ ਨਾਂਅ ਨਾਲ ਜਾਣੀ ਜਾਣ ਵਾਲੀ ਇਕ ਅਹਿਮ ਫਲੀਦਾਰ ਫ਼ਸਲ ਹੈ, ਜਿਸ ਨੂੰ ਫ਼ਸਲੀ ਵਿਭਿੰਨਤਾ ਲਈ ਚੰਗੇ ਰੂਪ ਵਿੱਚ ਵਰਤਿਆ ਜਾ ਸਕਦਾ ਹੈ । ਇਸ ਫ਼ਸਲ ਵਿੱਚ ਤਕਰੀਬਨ 40% ਪ੍ਰੋਟੀਨ ਤੇ 20% ਤੇਲ ਦੀ ਮਾਤਰਾ ਪਾਈ ਜਾਂਦੀ ਹੈ । ਇਸ ਫ਼ਸਲ ਦੀਆਂ ਜੜ੍ਹਾਂ ਹਵਾ ਵਿੱਚੋਂ ਨਾਈਟ੍ਰੋਜਨ ਜ਼ਮੀਨ ਵਿੱਚ ਜਮ੍ਹਾਂ ਕਰਦੀਆਂ ਹਨ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਦੀ ਹੈ । ਪੰਜਾਬ ਵਿੱਚ ਝੋਨਾ-ਕਣਕ ਫ਼ਸਲੀ ਚੱਕਰ ਕਈ ਦਹਾਕਿਆਂ ਤੋਂ ਚਲਦਾ ਆ ਰਿਹਾ ਹੈ, ਜਿਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘਟਦਾ ਜਾ ਰਿਹਾ ਹੈ । ਸੋਇਆਬੀਨ ਫ਼ਸਲੀ ਵਿਭਿੰਨਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ । ਸੋਇਆਬੀਨ ਦੀ ਫ਼ਸਲ ਨੂੰ ਕੀੜੇ-ਮਕੌੜਿਆਂ ਤੋਂ ਬਚਾਉਣ ਲਈ ਹੇਠ ਲਿਖੀਆਂ ਖੇਤੀ ਵਿਗਿਆਨਕ ਵਿਧੀਆਂ ਅਪਣਾਉਣੀਆਂ ਚਾਹੀਦੀਆਂ ਹਨ ।

ਕੀੜੇ-ਮਕੌੜਿਆਂ ਦੀ ਰੋਕਥਾਮ

ਸੋਇਆਬੀਨ 'ਤੇ ਥਰਿੱਪ ਦਾ ਹਮਲਾ

ਬੜਾ ਗੰਭੀਰ ਹੁੰਦਾ ਹੈ । ਇਹ ਕੀੜਾ ਬਹੁਤ ਛੋਟਾ, ਗੂੜ੍ਹੇ ਭੂਰੇ ਰੰਗ ਦਾ ਹੁੰਦਾ ਹੈ ਜੋ ਕਿ ਫੁੱਲਾਂ ਦਾ ਰਸ ਚੂਸਦਾ ਹੈ । ਇਸ ਦੇ ਹਮਲੇ ਨਾਲ ਫੁੱਲ ਖੁੱਲ੍ਹਣ ਤੋਂ ਪਹਿਲਾਂ ਹੀ ਝੜ ਜਾਂਦੇ ਹਨ । ਫਲੀਆਂ ਘੱਟ ਪੈਂਦੀਆਂ ਹਨ ਅਤੇ ਦਾਣਿਆਂ 'ਤੇ ਮਾੜਾ ਅਸਰ ਪੈਂਦਾ ਹੈ । ਇਸ ਦੇ ਹਮਲੇ ਕਾਰਨ ਝਾੜ ਬਹੁਤ ਘਟ ਜਾਂਦਾ ਹੈ ਅਤੇ ਕਈ ਵਾਰ ਸਾਰੀ ਦੀ ਸਾਰੀ ਫ਼ਸਲ ਵੀ ਤਬਾਹ ਹੋ ਜਾਂਦੀ ਹੈ । ਇਸ ਦੀ ਰੋਕਥਾਮ ਲਈ ਫ਼ਸਲ ਵਿੱਚ ਫੁੱਲ ਪੈਣ ਵੇਲੇ 30 ਨੀਲੇ ਟਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਲਗਾਓ । ਜੇਕਰ ਜ਼ਰੂਰਤ ਪਵੇ ਤਾਂ ਟਰੈਪ ਨੂੰ 10 ਦਿਨਾਂ ਬਾਅਦ ਬਦਲੋ ਜਾਂ ਫ਼ਸਲ ਵਿੱਚ ਫੁੱਲ ਪੈਣ ਵੇਲੇ 1750 ਮਿਲੀਲਿਟਰ ਘਰ ਵਿੱਚ ਬਣਾਏ ਗਏ ਨਿੰਮ ਦੇ ਘੋਲ ਨੂੰ 80-100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ । ਨਿੰਮ ਦੇ ਘੋਲ ਨੂੰ ਤਿਆਰ ਕਰਨ ਲਈ 5.0 ਕਿਲੋ ਨਿੰਮ ਦੇ ਪੱਤੇ ਅਤੇ ਨਿਮੋਲੀਆਂ ਦੇ ਮਿਸ਼ਰਣ ਨੂੰ 10 ਲਿਟਰ ਪਾਣੀ ਵਿੱਚ 30 ਮਿੰਟ ਲਈ ਉਬਾਲੋ । ਇਸ ਘੋਲ ਨੂੰ ਕੱਪੜ-ਛਾਣ ਕਰ ਲਓ ਅਤੇ ਤਰਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਮੁਤਾਬਿਕ ਛਿੜਕਾਅ ਕਰੋ । ਫ਼ਲੀ ਛੇਦਕ ਸੁੰਡੀ ਫ਼ਸਲ ਦੇ ਪੱਤੇ, ਡੋਡੀਆਂ ਅਤੇ ਫੁੱਲਾਂ ਨੂੰ ਖਾਂਦੀ ਹੈ ਅਤੇ ਫ਼ਸਲ ਦਾ ਭਾਰੀ ਨੁਕਸਾਨ ਕਰਦੀ ਹੈ । ਪੂਰੀ ਪਲੀ ਸੁੰਡੀ 3-5 ਸੈਂਟੀਮੀਟਰ ਲੰਮੀ ਹੁੰਦੀ ਹੈ । ਇਸ ਦਾ ਰੰਗ ਹਰਾ, ਪੀਲਾ, ਭੂਰਾ ਜਾਂ ਕਾਲਾ ਵੀ ਹੋ ਸਕਦਾ ਹੈ ਅਤੇ ਇਸ ਦੇ ਸਰੀਰ ਦੇ ਦੋਹਾਂ ਵੱਖੀਆਂ ਵੱਲ ਲੰਮੀਆਂ ਧਾਰੀਆਂ ਹੁੰਦੀਆਂ ਹਨ । ਇਸ ਦੇ ਹਮਲੇ ਦਾ ਪਤਾ ਨੁਕਸਾਨ ਵਾਲੇ ਪੱਤੇ, ਫ਼ਲੀਆਂ ਵਿੱਚ ਮੋਰੀਆਂ, ਬੂਟਿਆਂ ਹੇਠਾਂ ਜ਼ਮੀਨ ਉੱਤੇ ਗੂੜ੍ਹੇ ਹਰੇ ਰੰਗ ਦੀਆਂ ਬਿੱਠਾਂ ਤੋਂ ਲੱਗਦਾ ਹੈ । ਜੇਕਰ ਹਮਲੇ ਵਾਲੇ ਬੂਟੇ ਨੂੰ ਜ਼ੋਰ ਨਾਲ ਹਿਲਾਇਆ ਜਾਵੇ ਤਾਂ ਇਹ ਸੁੰਡੀਆਂ ਬੂਟੇ ਤੋਂ ਹੇਠਾਂ ਜ਼ਮੀਨ 'ਤੇ ਡਿੱਗ ਪੈਂਦੀਆਂ ਹਨ । ਤੰਬਾਕੂ ਸੁੰਡੀ ਇਕ ਬਹੁ-ਫ਼ਸਲੀ ਕੀੜਾ ਹੈ । ਛੋਟੀਆਂ ਸੁੰਡੀਆਂ ਕਾਲੇ ਰੰਗ ਦੀਆਂ ਹੁੰਦੀਆਂ ਹਨ ਅਤੇ ਵੱਡੀਆਂ ਸੁੰਡੀਆਂ ਦਾ ਰੰਗ ਗੂੜ੍ਹਾ ਹਰਾ ਹੁੰਦਾ ਹੈ, ਜਿਨ੍ਹਾਂ 'ਤੇ ਕਾਲੇ ਰੰਗ ਦੇ ਤਿਕੋਣੇ ਧੱਬੇ ਹੁੰਦੇ ਹਨ । ਇਸ ਦੇ ਪਤੰਗੇ ਪੱਤਿਆਂ ਦੇ ਹੇਠਲੇ ਪਾਸੇ ਝੁੰਡਾਂ ਵਿੱਚ ਅੰਡੇ ਦਿੰਦੇ ਹਨ ਜਿਹੜੇ ਕਿ ਭੂਰੇ ਵਾਲਾਂ ਨਾਲ ਢਕੇ ਹੁੰਦੇ ਹਨ । ਅੰਡਿਆਂ ਵਿੱਚੋਂ ਨਿਕਲਣ ਤੋਂ ਬਾਅਦ ਛੋਟੀਆਂ ਸੁੰਡੀਆਂ ਝੁੰਡਾਂ ਵਿੱਚ ਪੱਤਿਆਂ ਦਾ ਹਰਾ ਮਾਦਾ ਖਾਂਦੀਆਂ ਹਨ ਅਤੇ ਪੱਤਿਆਂ ਨੂੰ ਛਾਨਣੀ ਕਰ ਦਿੰਦੀਆਂ ਹਨ । ਬਾਅਦ ਵਿੱਚ ਵੱਡੀਆਂ ਸੁੰਡੀਆਂ ਸਾਰੇ ਖੇਤ ਵਿੱਚ ਖਿੱਲਰ ਕੇ ਨੁਕਸਾਨ ਕਰਦੀਆਂ ਹਨ । ਪੱਤਿਆਂ ਦੇ ਨਾਲ ਇਹ ਡੋਡੀਆਂ, ਫੁੱਲ ਅਤੇ ਫਲੀਆਂ ਦਾ ਨੁਕਸਾਨ ਵੀ ਕਰਦੀਆਂ ਹਨ । ਇਸ ਕੀੜੇ ਦੀ ਰੋਕਥਾਮ ਹੇਠ ਲਿਖੇ ਢੰਗਾਂ ਨਾਲ ਕੀਤੀ ਜਾ ਸਕਦੀ ਹੈ ।

ਕਾਸ਼ਤਕਾਰੀ ਢੰਗਾਂ ਦੁਆਰਾ ਰੋਕਥਾਮ ਫ਼ਸਲ ਦੀ ਬਿਜਾਈ ਸਮੇਂ ਸਿਰ ਕਰੋ । ਨਦੀਨ, ਖ਼ਾਸ ਤੌਰ 'ਤੇ ਇਟਸਿਟ/ਚਪੱਤੀ ਦੀ ਰੋਕਥਾਮ ਕਰੋ ਕਿਉਂਕਿ ਇਹ ਨਦੀਨ ਤੰਬਾਕੂ ਸੁੰਡੀ ਲਈ ਬਦਲਵੇਂ ਮੇਜ਼ਬਾਨ ਦੇ ਤੌਰ 'ਤੇ ਕੰਮ ਕਰਦਾ ਹੈ ।

ਆਮ ਢੰਗ-ਤੰਬਾਕੂ ਸੁੰਡੀ ਦੇ ਅੰਡੇ ਅਤੇ ਛੋਟੀਆਂ ਸੁੰਡੀਆਂ ਜੋ ਕਿ ਪੱਤਿਆਂ ਨੂੰ ਝੁੰਡਾਂ ਵਿੱਚ ਖਾਂਦੀਆਂ ਹਨ, ਪੱਤਿਆਂ ਸਮੇਤ ਨਸ਼ਟ ਕਰ ਦਿਓ ।

ਬਿਮਾਰੀਆਂ ਦੀ ਰੋਕਥਾਮ

ਚਿਤਕਬਰਾ ਰੋਗ ਚਿੱਟੀ ਮੱਖੀ ਰਾਹੀਂ ਫੈਲਦਾ ਹੈ । ਰੋਗੀ ਬੂਟਿਆਂ ਦੇ ਪੱਤਿਆਂ 'ਤੇ ਪੀਲੇ ਅਤੇ ਹਰੇ ਰੰਗ ਚਿਤਕਬਰੇ ਚਟਾਖ ਪੈ ਜਾਂਦੇ ਹਨ ਅਤੇ ਉਨ੍ਹਾਂ ਨੂੰ ਫਲੀਆਂ ਨਹੀਂ ਲੱਗਦੀਆਂ ਜਾਂ ਬਹੁਤ ਹੀ ਘੱਟ ਪੀਲੀਆਂ ਫਲੀਆਂ ਲੱਗਦੀਆਂ ਹਨ । ਸਮੇਂ ਸਿਰ ਬਿਜਾਈ ਵਾਲੀ ਫ਼ਸਲ 'ਤੇ ਇਸ ਰੋਗ ਦਾ ਹਮਲਾ ਘੱਟ ਹੁੰਦਾ ਹੈ । ਇਸ ਦੀ ਰੋਕਥਾਮ ਲਈ ਫ਼ਸਲ ਦੇ ਆਰੰਭ ਵਿੱਚ ਹੀ ਰੋਗੀ ਬੂਟੇ ਕੱਢ ਦਿਓ । ਇਸ ਰੋਗ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਬੀਜੋ । ਜੜ੍ਹਾਂ ਦਾ ਗਲਣਾ ਰੋਗ ਦੇ ਹਮਲੇ ਕਾਰਨ ਪੌਦੇ ਦੇ ਪੱਤਿਆਂ, ਟਾਹਣੀਆਂ, ਤਣੇ ਅਤੇ ਜੜ੍ਹਾਂ 'ਤੇ ਕਾਲੇ ਘੇਰੇ ਬਣ ਜਾਂਦੇ ਹਨ । ਰੋਗੀ ਥਾਵਾਂ ਕਮਜ਼ੋਰ ਪੈ ਜਾਂਦੀਆਂ ਹਨ । ਰੋਗੀ ਥਾਂ ਤੇ ਉੱਲੀ ਜੰਮੀ ਨਜ਼ਰ ਆਉਂਦੀ ਹੈ । ਇਸ ਬਿਮਾਰੀ 'ਤੇ ਕਾਬੂ ਪਾਉਣ ਲਈ ਰੋਗ ਰਹਿਤ ਬੀਜ ਦੀ ਵਰਤੋਂ ਕਰੋ । ਝੁਲਸ ਰੋਗ ਪੱਤਿਆਂ ਦੀ ਉੱਪਰਲੀ ਛਿੱਲ, ਡੰਡੀਆਂ ਅਤੇ ਨਵੀਆਂ ਸ਼ਾਖਾਵਾਂ ਤੋਂ ਸ਼ੁਰੂ ਹੁੰਦਾ ਹੈ ਅਤੇ ਹੌਲੀ-ਹੌਲੀ ਬੂਟੇ ਉੱਪਰੋਂ ਝੁਲਸ ਜਾਂਦੇ ਹਨ । ਅਜਿਹੇ ਝੁਲਸੇ ਹੋਏ ਬੂਟਿਆਂ ਦੀਆਂ ਦੋਗੀਆਂ/ਧੋੜੀਆਂ ਖੇਤ ਵਿੱਚ ਦੂਰੋਂ ਪ੍ਰਤੱਖ ਨਜ਼ਰ ਆਉਂਦੀਆਂ ਹਨ । ਸਿੱਲ੍ਹੇ ਮੌਸਮ ਵਿੱਚ ਪੱਤਿਆਂ 'ਤੇ ਉੱਲੀ ਦੇ ਚਿੱਟੇ ਜਾਲੇ ਜਿਹੇ ਬਣ ਜਾਂਦੇ ਹਨ ਅਤੇ ਭੂਰੇ ਰੰਗ ਦੀ ਉੱਲੀ ਵੀ ਜੰਮ ਜਾਂਦੀ ਹੈ । ਫ਼ਸਲ 'ਤੇ ਇਹ ਬਿਮਾਰੀ ਖੇਤ ਵਿਚਲੇ ਨਦੀਨਾਂ ਤੋਂ ਆਉਂਦੀ ਹੈ । ਖੇਤ ਨੂੰ ਨਦੀਨ ਰਹਿਤ ਰੱਖ ਕੇ ਇਸ ਬਿਮਾਰੀ ਨੂੰ ਰੋਕਿਆ ਜਾ ਸਕਦਾ ਹੈ ।

ਝੋਨੇ ਦੇ ਬੂਟਿਆਂ ਵਿੱਚ ਮਧਰੇਪਣ ਦੇ ਰੋਗ ਦੀ ਰੋਕਥਾਮ ਲਈ ਜ਼ਰੂਰੀ ਨੁਕਤੇ

ਅਮਨਦੀਪ ਕੌਰ ਅਤੇ ਗੁਰਬੀਰ ਕੌਰ,
ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ (ਮੋ. 78892-94391)

ਝੋਨੇ ਦੇ ਬੂਟਿਆਂ ਵਿੱਚ ਮਧਰੇਪਣ ਦਾ ਰੋਗ

ਬੂਟਿਆਂ ਦਾ ਮਧਰਾ ਰਹਿ ਜਾਣਾ ਝੋਨੇ ਦਾ ਇੱਕ ਨਵਾਂ ਰੋਗ ਹੈ, ਜੋ ਭਾਰਤ ਵਿੱਚ ਪਹਿਲੀ ਵਾਰ ਸੰਨ 2022 ਵਿੱਚ ਵੇਖਿਆ ਗਿਆ । ਇਹ ਰੋਗ ਇੱਕ ਵਿਸ਼ਾਣੂੰ ਰੋਗ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਦੇ ਕਾਰਨ ਦੀ ਪਹਿਚਾਣ ਸਦਰਨ ਰਾਈਸ ਬਲੈਕ ਸਟਰੀਕਡ ਡਵਾਰਫ ਵਾਇਰਸ ਵਜੋਂ ਕੀਤੀ ਗਈ ਹੈ ।

ਨਿਸ਼ਾਨੀਆਂ

ਇਸ ਰੋਗ ਨਾਲ ਪ੍ਰਭਾਵਿਤ ਬੂਟੇ ਮਧਰੇ, ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ ਰਹਿ ਜਾਂਦੀਆਂ ਹਨ । ਪ੍ਰਭਾਵਿਤ ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ-ਤਿਹਾਈ ਰਹਿ ਜਾਂਦੀ ਹੈ । ਰੋਗ ਦੇ ਜ਼ਿਆਦਾ ਹਮਲੇ ਕਾਰਨ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ । ਜ਼ਿੰਕ ਦੀ ਘਾਟ ਕਾਰਨ ਵੀ ਬੂਟੇ ਮਧਰੇ ਰਹਿ ਜਾਂਦੇ ਹਨ । ਇਸ ਬਿਮਾਰੀ ਨਾਲ ਬੂਟਾ ਗੂੜ੍ਹਾ ਹਰਾ ਹੋ ਜਾਂਦਾ ਹੈ, ਪਰ ਜ਼ਿੰਕ ਦੀ ਘਾਟ ਵਾਲੇ ਬੂਟੇ ਵਿੱਚ ਪੀਲਾਪਨ ਪ੍ਰਤੱਖ ਦਿਖਾਈ ਦਿੰਦਾ ਹੈ ।

ਇਹ ਵਿਸ਼ਾਣੂੰ ਚਿੱਟੀ ਪਿੱਠ ਵਾਲੇ ਟਿੱਡੇ ਰਾਹੀਂ ਫੈਲਦਾ ਹੈ, ਜੋ ਝੋਨੇ ਦੀਆਂ ਮੌਜੂਦਾ ਕਿਸਮਾਂ ਉੱਤੇ ਹਮਲਾ ਕਰ ਸਕਦਾ ਹੈ ।

ਰੋਕਥਾਮ ਲਈ ਕੁਝ ਜ਼ਰੂਰੀ ਨੁਕਤੇ :

★ ਜਿਸ ਖੇਤ ਵਿੱਚ ਪਿਛਲੇ ਸਾਲ ਇਹ ਬਿਮਾਰੀ ਨਜ਼ਰ ਆਈ ਹੋਵੇ, ਉੱਥੇ ਖ਼ਾਸ ਧਿਆਨ ਰੱਖਿਆ ਜਾਵੇ ।

★ ਫ਼ਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਡੂੰਘਾ ਵਾਹੋ ।

★ ਵੱਟਾਂ ਬੰਨਿਆਂ ਅਤੇ ਪਾਣੀ ਵਾਲੇ ਖਾਲਾਂ ਨੂੰ ਨਦੀਨ ਮੁਕਤ ਰੱਖੋ । ਬਿਮਾਰੀ ਵਾਲੇ ਬੂਟੇ ਨੂੰ ਸ਼ੁਰੂ ਵਿੱਚ ਹੀ ਪੁੱਟ ਕੇ ਡੂੰਘਾ ਦੱਬ ਦਿਉ ।

★ ਪਨੀਰੀ ਦੀ ਬਿਜਾਈ ਤੋਂ ਹੀ ਇਸ ਰੋਗ ਨੂੰ ਫੈਲਾਉਣ ਵਾਲੇ ਕੀੜੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਸੁਚੱਜੀ ਰੋਕਥਾਮ ਲਈ ਝੋਨੇ ਦੀ ਪਨੀਰੀ ਅਤੇ ਬਾਅਦ ਵਿੱਚ ਫ਼ਸਲ ਦਾ ਸਮੇਂ-ਸਮੇਂ ਸਿਰ ਨਿਰੀਖਣ ਕਰਦੇ ਰਹੋ । ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜ੍ਹੇ ਬਲਬ ਜਗਾ ਕੇ ਰੱਖੋ ਕਿਉਕਿ ਇਹ ਕੀੜਾ ਰੋਸ਼ਨੀ ਵੱਲ ਆਕਰਸ਼ਿਤ ਹੁੰਦਾ ਹੈ ।

★ ਜੇਕਰ ਟਿੱਡੇ ਦੀ ਆਮਦ ਨਜ਼ਰ ਆਉਂਦੀ ਹੈ ਤਾਂ ਕੋਈ ਵੀ ਕੀਟਨਾਸ਼ਕ ਜਿਵੇਂ ਕਿ 94 ਮਿ.ਲਿ. ਪੈਕਸਾਲੋਨ 10 ਐਸ ਸੀ (ਟਰਾਈਫਲੂਮੀਜ਼ੋਪਾਇਰਮ) ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੇਂਟ 20 ਐਸ ਸੀ (ਡਾਇਨੋਟੈਫੂਰਾਨ) ਜਾਂ 120 ਗ੍ਰਾਮ ਚੈਸ (ਪਾਈਮੈਟਰੋਜ਼ਿਨ) ਜਾਂ 400 ਮਿਲੀਲਿਟਰ ਆਰਕੈਸਟਰਾ (ਬੈਂਜ਼ਪਾਇਰੀਮੋਕਸਾਨ) ਜਾਂ 300 ਮਿਲੀਲਿਟਰ ਇਮੈਜਨ 10 ਐਸ ਸੀ (ਫਲੂਪਾਇਰੀਮਿਨ) ਜਾਂ 80 ਮਿਲੀਲਿਟਰ ਨਿੰਮ ਅਧਾਰਿਤ ਇਕੋਟਿਨ (ਅਜ਼ੈਡੀਰੈਕਟਿਨ 5%) ਜਾਂ 4 ਲਿਟਰ ਪੀ ਏ ਯੂ ਨਿੰਮ ਦੇ ਘੋਲ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿੱਚ ਘੋਲ ਕੇ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ ।

★ ਸੁਚੱਜੀ ਰੋਕਥਾਮ ਵਾਸਤੇ ਪਿੱਠੂ ਪੰਪ ਅਤੇ ਗੋਲ ਨੋਜ਼ਲ ਦਾ ਇਸਤੇਮਾਲ ਕਰੋ ।

ਝੋਨੇ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਨੇ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਕੀਤਾ ਹੋਰ 'ਡੂੰਘਾ'

ਝੋਨੇ ਤੋਂ ਵੀ ਜ਼ਿਆਦਾ ਪਾਣੀ ਖਿੱਚਦੀ ਹੈ ਇਹ ਮੱਕੀ ਦੀ ਫ਼ਸਲ - ਖੇਤੀਬਾੜੀ ਮਹਿਕਮਾ ਵੀ ਨਹੀਂ ਕਰਦਾ ਸਿਫਾਰਿਸ਼

ਸੂਬੇ ਅੰਦਰ ਧਰਤੀ ਹੇਠਲੇ ਪਾਣੀ ਦੇ ਸੰਕਟ ਲਈ ਇਕੱਲੀ ਝੋਨੇ ਦੀ ਫ਼ਸਲ ਹੀ ਜ਼ਿੰਮੇਵਾਰ ਨਹੀਂ, ਬਲਕਿ ਹੁਣ ਬਹਾਰ ਰੁੱਤ ਦੀ ਮੱਕੀ ਨੇ ਵੀ ਝੋਨੇ ਤੋਂ ਬਾਅਦ ਧਰਤੀ ਹੇਠਲੇ ਪਾਣੀ ਦੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ । ਬਹਾਰ ਰੁੱਤ ਦੀ ਇਹ ਮੱਕੀ ਝੋਨੇ ਤੋਂ ਵੀ ਜ਼ਿਆਦਾ ਪਾਣੀ

ਖਿੱਚਦੀ ਹੈ ਤੇ ਆਮ ਤੌਰ 'ਤੇ ਇਕ ਕਿਲੋ ਝੋਨੇ ਦੀ ਪੈਦਾਵਾਰ ਲਈ ਜਿੱਥੇ 3800 ਲੀਟਰ ਪਾਣੀ ਦੀ ਲੋੜ ਪੈਂਦੀ ਹੈ, ਉੱਥੇ ਮੱਕੀ ਦੀ ਫ਼ਸਲ ਲਈ ਇਸ ਤੋਂ ਵੀ ਕਿਤੇ ਜ਼ਿਆਦਾ ਪਾਣੀ ਲੱਗਦਾ ਹੈ । ਅਪ੍ਰੈਲ ਤੇ ਮਈ ਮਹੀਨਿਆਂ ਵਿੱਚ ਪੈਂਦੀ ਤਪਦੀ ਗਰਮੀ ਦੇ ਮੌਸਮ ਵਿੱਚ ਮੱਕੀ ਨੂੰ ਤਾਅ ਲੱਗਣ ਤੋਂ ਬਚਾਉਣ ਲਈ ਹਰ ਦੂਸਰੇ ਜਾਂ ਤੀਸਰੇ ਦਿਨ ਪਾਣੀ ਲਾਉਣਾ ਪੈਂਦਾ ਹੈ ਪਰ ਇਸ ਦੇ ਬਾਵਜੂਦ ਹਰ ਸਾਲ ਬਹਾਰ ਰੁੱਤ ਦੀ ਮੱਕੀ ਹੇਠ ਰਕਬਾ ਵਧਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ । ਅਸਲ ਵਿੱਚ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਦਾ ਰੁਝਾਨ ਪਿਛਲੇ ਕੁਝ ਸਾਲਾਂ ਤੋਂ ਤੇਜ਼ੀ ਨਾਲ ਵਧਿਆ ਹੈ ਤੇ ਇਸ ਵਾਰ ਤਾਂ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਹੇਠ ਰਕਬਾ ਪਿਛਲੇ ਸਾਲ ਨਾਲੋਂ ਵੱਧ ਕੇ ਦੁੱਗਣਾ ਇਕ ਲੱਖ ਹੈਕਟੇਅਰ ਦੇ ਕਰੀਬ ਹੋ ਗਿਆ ਹੈ । ਇਸ ਸੰਬੰਧੀ ਗੱਲ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਵਾਲਾ ਨੇ ਕਿਹਾ ਕਿ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਕਿਸਾਨਾਂ ਦੀ ਮਜ਼ਬੂਰੀ ਬਣ ਗਈ ਹੈ, ਕਿਉਕਿ ਕੋਈ ਵੀ ਹੋਰ ਫ਼ਸਲ ਕਿਸਾਨਾਂ ਨੂੰ ਮੱਕੀ ਜਿੰਨਾ ਮੁਨਾਫ਼ਾ ਨਹੀਂ ਦਿੰਦੀ । ਜਦਕਿ ਕਿਸਾਨ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਸੂਰਜਮੁਖੀ, ਦਾਲਾਂ ਤੇ ਮੈਂਥੇ ਦੀ ਫ਼ਸਲ ਨੂੰ ਮੱਕੀ ਦੀ ਫ਼ਸਲ ਦੇ ਮੁਕਾਬਲਤਨ ਘੱਟ ਪਾਣੀ ਲੱਗਦਾ ਹੈ ਪਰ ਸਰਕਾਰਾਂ ਦੇ ਉਦਾਸੀਨ ਵਤੀਰੇ ਕਾਰਨ ਕਿਸਾਨਾਂ ਨੂੰ ਮਜ਼ਬੂਰਨ ਮੱਕੀ ਦੀ ਬਿਜਾਈ ਵੱਲ ਮੁੜਨਾ ਪਿਆ ਹੈ । ਇਸ ਸੰਬੰਧੀ ਖੇਤੀਬਾੜੀ ਵਿਭਾਗ ਪੰਜਾਬ ਦੇ ਡਾਇਰੈਕਟਰ ਨੇ ਕਿਹਾ ਕਿ ਬਸੰਤ ਰੁੱਤ ਦੀ ਮੱਕੀ ਨੂੰ ਵਾਧੂ ਪਾਣੀ ਲੱਗਣ ਕਰਕੇ ਮਹਿਕਮੇ ਵਲੋਂ ਕਿਸਾਨਾਂ ਨੂੰ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਸੰਬੰਧੀ ਕੋਈ ਸਿਫ਼ਾਰਿਸ਼ ਨਹੀਂ ਕੀਤੀ ਜਾਂਦੀ ਬਲਕਿ ਉਨ੍ਹਾਂ ਨੂੰ ਮੱਕੀ ਦੀ ਥਾਂ ਮੂੰਗੀ, ਮਾਂਹ ਤੇ ਹੋਰ ਦਾਲਾਂ ਤੇ ਬਦਲਵੀਆਂ ਫ਼ਸਲਾਂ ਬੀਜਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਕਿਸਾਨ ਵਲੋਂ ਘੱਟ ਸਮੇਂ ਵਿੱਚ ਵੱਧ ਮੁਨਾਫ਼ੇ ਦੇ ਚੱਕਰ ਵਿੱਚ ਬਸੰਤ ਰੁੱਤ ਦੀ ਮੱਕੀ ਦੀ ਬਿਜਾਈ ਕੀਤੀ ਜਾ ਰਹੀ ਹੈ । ਉਨ੍ਹਾਂ ਦੱਸਿਆ ਕਿ ਮਹਿਕਮੇ ਵਲੋਂ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਬਾਹਰ ਕੱਢਣ ਲਈ ਸਾਉਣੀ ਦੀ ਮੱਕੀ ਦੀ ਬਿਜਾਈ ਹੇਠ ਰਕਬਾ ਵਧਾਉਣ ਦੀ ਯੋਜਨਾ ਬਣਾਈ ਗਈ ਹੈ ਤੇ ਇਸ ਵਾਰ ਜਿਹੜੇ ਕਿਸਾਨ ਝੋਨੇ ਦੀ ਥਾਂ ਮੱਕੀ ਦੀ ਬਿਜਾਈ ਕਰਨਗੇ, ਉਨ੍ਹਾਂ ਨੂੰ ਸਰਕਾਰ ਵਲੋਂ 17,500 ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ ।

ਕੇ ਐਸ ਗਰੁੱਪ
ਮਲੇਰਕੋਟਲਾ
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੇਂਟ ਡਿਜਾਇਨ
TOLL FREE NUMBER 1800-120-004455
• BHAGWAN ENGINNERING WORKS
• KS AGROTECH PVT. LTD.
• KS POWERTECH PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 25
ਮਿਤੀ 20-06-2026

ਐਡੀਟਰ

ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ

ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
'KHETI DUNIYAN' Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**

ਕੁਦਰਤ ਦੀ ਸੰਭਾਲ ਹੀ ਜੀਵਨ ਦੀ ਸੰਭਾਲ

ਜੈਵ-ਵਿਭਿੰਨਤਾ ਦੀ ਸੰਭਾਲ ਸਿਰਫ਼ ਸਰਕਾਰਾਂ ਜਾਂ ਕਾਨੂੰਨਾਂ ਦੀ ਹੀ ਜ਼ਿੰਮੇਵਾਰੀ ਨਹੀਂ ਹੈ ਸਗੋਂ ਹਰ ਨਾਗਰਿਕ ਫ਼ਰਜ਼ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਰੁੱਖਾਂ, ਪੰਛੀਆਂ, ਮਿੱਟੀ ਅਤੇ ਪਾਣੀ ਦੀ ਅਹਿਮੀਅਤ ਬਾਰੇ ਵਿਹਾਰਕ ਸਿੱਖਿਆ ਦਿਤੀ ਜਾਣੀ ਚਾਹੀਦੀ ਹੈ। ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਛੱਪੜਾਂ ਦੀ ਸਫ਼ਾਈ, ਰੁੱਖ ਲਗਾਉਣ ਅਤੇ ਪਲਾਸਟਿਕ ਮੁਕਤ ਮੁਹਿੰਮਾਂ ਦੀ ਅਗਵਾਈ ਕਰ ਸਕਦੀਆਂ ਹਨ। ਕਿਸਾਨ ਫ਼ਸਲੀ ਵਿਭਿੰਨਤਾ, ਜੈਵਿਕ ਖਾਦ, ਕੀਟਨਾਸ਼ਕਾਂ ਦੀ ਘੱਟ ਵਰਤੋਂ ਅਤੇ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਅਪਣਾ ਕੇ ਕੁਦਰਤ ਪੱਖੀ ਖੇਤੀ ਵਲ ਸਾਰਥਕ ਕਦਮ ਵਧਾ ਸਕਦੇ ਹਨ। ਘਰਾਂ ਵਿੱਚ ਵੀ ਅਸੀਂ ਰਸੋਈ ਦੇ ਕੂੜੇ ਤੋਂ ਜੈਵਿਕ ਖਾਦ ਬਣਾਉਣ ਤੇ ਬੇਲੋੜੀ ਪਲਾਸਟਿਕ ਵਰਤੋਂ ਘੱਟ ਕਰ ਕੇ ਸੌਖੇ ਪਰ ਪ੍ਰਭਾਵਸ਼ਾਲੀ ਕਦਮ ਚੁੱਕ ਸਕਦੇ ਹਾਂ। ਅਸਲ ਵਿੱਚ ਕੁਦਰਤ ਸਾਡੀ ਮਲਕੀਅਤ ਨਹੀਂ, ਸਗੋਂ ਸਾਡੀ ਪਾਲਣਹਾਰ ਮਾਂ ਹੈ। ਜਦੋਂ ਅਸੀਂ ਕੁਦਰਤ ਦੇ ਸੰਤੁਲਨ ਨੂੰ ਵਿਗਾੜਦੇ ਹਾਂ ਤਾਂ ਅਸੀਂ ਆਪਣੇ ਹੀ ਆਉਣ ਵਾਲੇ ਕਲ ਨੂੰ ਹਨੇਰੇ ਵਿੱਚ ਧੱਕ ਰਹੇ ਹੁੰਦੇ ਹਾਂ।

ਨਵਦੀਪ ਸਿੰਘ ਝੁਨੀਰ
ਮੋਬਾਇਲ : 98769-68193

ਹਰ ਸਾਲ ਮਈ ਮਹੀਨੇ ਦੁਨੀਆ ਭਰ ਵਿੱਚ 'ਅੰਤਰਰਾਸ਼ਟਰੀ ਜੈਵ-ਵਿਭਿੰਨਤਾ ਦਿਵਸ' ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਲੋਕਾਂ ਨੂੰ ਇਹ ਸਮਝਾਉਣਾ ਹੈ ਕਿ ਧਰਤੀ ਉੱਤੇ ਮੌਜੂਦ ਪੌਦੇ, ਜਾਨਵਰ, ਪੰਛੀ, ਕੀੜੇ-ਮਕੌੜੇ, ਜੰਗਲ, ਦਰਿਆ, ਝੀਲਾਂ, ਮਿੱਟੀ ਦੇ ਸੂਖਮ ਜੀਵ ਤੇ ਹੋਰ ਅਣਗਿਣਤ ਜੀਵ-ਰੂਪ ਸਿਰਫ਼ ਕੁਦਰਤ ਦੀ ਹੀ ਨਹੀਂ, ਸਗੋਂ ਮਨੁੱਖੀ ਜੀਵਨ ਦੀ ਅਸਲ ਨੀਂਹ ਹਨ। ਇਹ ਦਿਨ 22 ਮਈ 1992 ਨੂੰ 'ਕਨਵੈਨਸ਼ਨ ਆਨ ਡਾਇਓਲੌਜੀਕਲ ਡਾਇਵਰਸਿਟੀ' ਦੇ ਇਤਿਹਾਸਕ ਮੱਤੇ ਨੂੰ ਅਪਣਾਏ ਜਾਣ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਜੈਵ-ਵਿਭਿੰਨਤਾ ਦਾ ਸਰਲ ਅਰਥ ਹੈ- ਧਰਤੀ ਉੱਤੇ ਜੀਵਨ ਦੀ ਵੰਨ-ਸੁਵੰਨਤਾ। ਇਸ ਵਿੱਚ ਵੱਖ-ਵੱਖ ਕਿਸਮਾਂ ਦੇ ਰੁੱਖ, ਫ਼ਸਲਾਂ, ਪੰਛੀ, ਜਾਨਵਰ, ਮੱਛੀਆਂ, ਤਿਤਲੀਆਂ, ਮੱਖੀਆਂ ਅਤੇ ਸਮੁੱਚੀਆਂ ਜਲ-ਪ੍ਰਣਾਲੀਆਂ ਸ਼ਾਮਲ ਹਨ। ਇਹ ਵੰਨ-ਸੁਵੰਨਤਾ ਹੀ ਕੁਦਰਤ ਦਾ ਨਾਜ਼ੁਕ ਸੰਤੁਲਨ ਬਣਾਈ ਰਖਦੀ ਹੈ। ਉਦਾਹਰਣ ਵਜੋਂ, ਜੇਕਰ ਮੱਖੀਆਂ ਤੇ ਤਿਤਲੀਆਂ ਵਰਗੇ ਪਰਾਗਣ ਕਰਨ ਵਾਲੇ ਜੀਵ ਘੱਟ ਜਾਣ ਤਾਂ ਸਾਡੀਆਂ ਫ਼ਸਲਾਂ ਦੀ ਪੈਦਾਵਾਰ ਗੰਭੀਰ ਰੂਪ ਵਿੱਚ ਪ੍ਰਭਾਵਤ ਹੁੰਦੀ ਹੈ। ਜੇ ਜੰਗਲ ਘੱਟ ਜਾਣ ਤਾਂ ਹਵਾ, ਪਾਣੀ ਅਤੇ ਮੌਸਮ ਦਾ ਚੱਕਰ ਵਿਗੜਦਾ ਹੈ। ਇਸੇ ਤਰ੍ਹਾਂ ਜੇ ਦਰਿਆ, ਝੀਲਾਂ ਅਤੇ ਪਿੰਡਾਂ ਦੇ ਛੱਪੜ ਪ੍ਰਦੂਸ਼ਤ ਹੋ ਜਾਣ ਤਾਂ ਮਨੁੱਖਾਂ ਦੇ ਨਾਲ-ਨਾਲ ਪੰਛੀਆਂ, ਮੱਛੀਆਂ ਅਤੇ ਹੋਰ ਜਲ-ਜੀਵਾਂ ਦੀ ਹੋਂਦ ਵੀ ਖਤਰੇ ਵਿੱਚ ਪੈ ਜਾਂਦੀ ਹੈ।

ਅੱਜ ਮਨੁੱਖੀ ਤਰੱਕੀ ਅਤੇ ਵਿਕਾਸ ਦੇ ਨਾਮ 'ਤੇ ਕੁਦਰਤ ਨਾਲ ਹੋ ਰਹੀ ਛੇੜਛਾੜ ਇਕ ਵੱਡੇ ਆਲਮੀ ਸੰਕਟ ਦਾ ਰੂਪ ਧਾਰਨ ਕਰ ਚੁੱਕੀ ਹੈ। ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਜਲ-ਸਰੋਤਾਂ ਦਾ ਪ੍ਰਦੂਸ਼ਣ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ, ਪਲਾਸਟਿਕ ਦਾ ਫੈਲਾਅ ਤੇ ਬੇਤਰਤੀਬੇ ਸ਼ਹਿਰੀਕਰਨ ਨੇ ਜੈਵ-ਵਿਭਿੰਨਤਾ ਨੂੰ ਡੂੰਘੀ ਸੱਟ ਮਾਰੀ ਹੈ। ਵਿਗਿਆਨਕ ਰਿਪੋਰਟਾਂ ਚੇਤਾਵਨੀ ਦਿੰਦੀਆਂ ਹਨ ਕਿ ਧਰਤੀ 'ਤੇ ਮੌਜੂਦ ਲਗਭਗ ਦਸ ਲੱਖ ਜੀਵ ਅਤੇ ਬਨਸਪਤੀ ਪ੍ਰਜਾਤੀਆਂ ਅਲੋਪ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੀਆਂ ਹਨ। ਸੰਯੁਕਤ ਰਾਸ਼ਟਰ ਅਨੁਸਾਰ ਜੈਵ-ਵਿਭਿੰਨਤਾ ਮਨੁੱਖੀ ਖ਼ੁਰਾਕ, ਸਿਹਤ ਅਤੇ ਟਿਕਾਊ ਵਿਕਾਸ ਲਈ ਬੁਨਿਆਦੀ ਅਹਿਮੀਅਤ ਰਖਦੀ ਹੈ। ਦੁਨੀਆਂ ਦੇ ਲਗਭਗ 3 ਅਰਬ ਲੋਕ ਪ੍ਰੋਟੀਨ ਲਈ ਸਮੁੰਦਰੀ ਅਤੇ ਤਾਜ਼ੇ ਪਾਣੀ ਦੇ ਜੀਵਾਂ 'ਤੇ ਨਿਰਭਰ ਕਰਦੇ ਹਨ। ਮਨੁੱਖੀ ਖ਼ੁਰਾਕ ਦਾ ਵੱਡਾ ਹਿੱਸਾ ਪੌਦਿਆਂ ਤੋਂ ਮਿਲਦਾ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਵੱਡੀ ਆਬਾਦੀ ਅੱਜ ਦੀ ਬੁਨਿਆਦੀ ਸਿਹਤ ਸੰਭਾਲ ਲਈ ਪੌਦਿਆਂ 'ਤੇ ਅਧਰਾਤ ਰਵਾਇਤੀ ਦਵਾਈਆਂ ਦੀ ਵਰਤੋਂ ਕਰਦੀ ਹੈ।

ਸਾਲ 2026 ਲਈ ਅੰਤਰਰਾਸ਼ਟਰੀ ਜੈਵ-ਵਿਭਿੰਨਤਾ ਦਿਵਸ ਦਾ ਮੁੱਖ ਵਿਸ਼ਾ- 'ਸਥਾਨਕ ਪੱਧਰ 'ਤੇ ਯਤਨ, ਵਿਸ਼ਵ ਪੱਧਰ 'ਤੇ ਅਸਰ' ਹੈ। ਇਹ ਥੀਮ ਸਾਨੂੰ ਸੰਦੇਸ਼ ਦਿੰਦਾ ਹੈ ਕਿ ਕੁਦਰਤ ਦੀ ਰੱਖਿਆ ਲਈ ਸਿਰਫ਼ ਅੰਤਰਰਾਸ਼ਟਰੀ ਸਮਝੌਤੇ (ਜਿਵੇਂ ਕਿ 2030 ਤਕ ਧਰਤੀ ਦਾ 30% ਹਿੱਸਾ ਸੁਰੱਖਿਅਤ ਕਰਨ ਦਾ ਆਲਮੀ ਟੀਚਾ) ਹੀ ਕਾਫ਼ੀ ਨਹੀਂ ਹਨ, ਸਗੋਂ ਪਿੰਡ, ਸ਼ਹਿਰ, ਸਕੂਲ, ਘਰ ਅਤੇ ਖੇਤ ਪੱਧਰ 'ਤੇ ਕੀਤੇ ਗਏ ਸਾਡੇ ਛੋਟੇ-ਛੋਟੇ ਯਤਨ ਹੀ ਵੱਡਾ ਬਦਲਾਅ ਲਿਆ ਸਕਦੇ ਹਨ। ਜੇ ਹਰ ਵਿਅਕਤੀ ਆਪਣੇ ਆਲੇ-ਦੁਆਲੇ ਰੁੱਖ ਲਗਾਏ, ਪਾਣੀ ਬਚਾਵੇ, ਸਿੰਗਲ ਯੂਜ਼ ਪਲਾਸਟਿਕ ਦਾ ਤਿਆਰ ਕਰੇ ਅਤੇ ਪੰਛੀਆਂ ਲਈ ਦਾਣਾ-ਪਾਣੀ ਰੱਖੇ ਤਾਂ ਇਹ ਸਮੂਹਕ ਯਤਨ ਧਰਤੀ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕਦੇ ਹਨ। ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਲਈ ਜੈਵ-ਵਿਭਿੰਨਤਾ ਦੀ ਸੰਭਾਲ ਹੋਰ ਵੀ ਅਹਿਮ ਹੋ ਜਾਂਦੀ ਹੈ। ਸਾਡੀ ਖੇਤੀ, ਪਾਣੀ, ਮਿੱਟੀ, ਪਸ਼ੂ-ਧਨ, ਪੰਛੀ ਅਤੇ ਰੁੱਖ-ਇਹ ਸਭ ਇਕ-ਦੂਜੇ ਨਾਲ ਡੂੰਘਾਈ ਵਿਚ ਜੁੜੇ ਹੋਏ ਹਨ। ਜਦੋਂ ਖੇਤਾਂ ਵਿੱਚ ਇਕੋ ਕਿਸਮ ਜਿਵੇਂ ਕਿ ਝੋਨੇ ਦੀ ਫ਼ਸਲ ਵਾਰ-ਵਾਰ ਬੀਜੀ ਜਾਂਦੀ ਹੈ, ਧਰਤੀ ਹੇਠਲਾ ਪਾਣੀ ਬੇ-ਹਿਸਾਬਾ ਕੱਢਿਆ ਜਾਂਦਾ ਹੈ ਅਤੇ ਜ਼ਹਿਰੀਲੀਆਂ ਰਸਾਇਣਕ ਦਵਾਈਆਂ ਦੀ ਵੱਡੀ ਮਾਤਰਾ ਵਿੱਚ ਵਰਤੋਂ ਹੁੰਦੀ ਹੈ ਤਾਂ ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਘੱਟ ਹੋ ਜਾਂਦੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਮਿੱਟੀ ਸਿਰਫ਼ ਧੂੜ ਜਾਂ ਰੇਤ ਨਹੀਂ ਸਗੋਂ ਇਕ ਜੀਵਨਦਾਇਕ ਸਰੋਤ ਹੈ। ਇਸ ਵਿੱਚ ਅਣਗਿਣਤ ਸੂਖਮ ਜੀਵ, ਗੰਡੋਏ ਤੇ ਮਿੱਤਰ ਕੀੜੇ ਹੁੰਦੇ ਹਨ

ਜੋ ਫ਼ਸਲਾਂ ਨੂੰ ਕੁਦਰਤੀ ਪੋਸ਼ਣ ਦੇਣ ਵਿੱਚ ਸਹਾਇਕ ਹੁੰਦੇ ਹਨ। ਮਿੱਟੀ ਦੀ ਸਿਹਤ ਬਚਾਉਣਾ ਵੀ ਜੈਵ-ਵਿਭਿੰਨਤਾ ਦੀ ਰੱਖਿਆ ਦਾ ਹੀ ਇਕ ਵੱਡਾ ਹਿੱਸਾ ਹੈ।

ਸਾਡੇ ਪਿੰਡਾਂ ਵਿੱਚ ਕਦੇ ਆਮ ਦਿਖਾਈ ਦੇਣ ਵਾਲੀਆਂ ਚਿੜੀਆਂ, ਘੁੱਗੀਆਂ, ਕਾਂ, ਗਟਾਰਾਂ, ਲਾਲੀਆਂ, ਕੁਮਰੀਆਂ, ਮੋਰ ਅਤੇ ਹੋਰ ਦੇਸੀ ਪੰਛੀਆਂ ਦੀ ਲਗਾਤਾਰ ਘਟਦੀ ਗਿਣਤੀ ਸਾਡੇ ਲਈ ਇਕ ਗੰਭੀਰ ਚੇਤਾਵਨੀ ਹੈ। ਹਰੀਕੇ ਪੱਤਣ ਵਰਗੀਆਂ ਜਲਗਾਹਾਂ 'ਤੇ ਪ੍ਰਵਾਸੀ ਪੰਛੀਆਂ ਦਾ ਆਉਣਾ, ਸਾਡੇ ਕੁਦਰਤੀ ਈਕੋਸਿਸਟਮ ਦਾ ਅਹਿਮ ਹਿੱਸਾ ਹੈ। ਪ੍ਰੰਤੂ, ਪਿੰਡਾਂ ਦੇ ਛੱਪੜਾਂ ਦਾ ਮਿਟਣਾ, ਪੁਰਾਣੇ ਦਰੱਖਤਾਂ ਦੀ ਘਟਦੀ ਗਿਣਤੀ ਅਤੇ ਖੁੱਲ੍ਹੀਆਂ ਕੁਦਰਤੀ ਥਾਵਾਂ ਦਾ ਸੁੰਗੜਨਾ ਇਨ੍ਹਾਂ ਪੰਛੀਆਂ ਅਤੇ ਜੀਵਾਂ ਦੇ ਰੈਣ-ਬਸੇਰੇ ਖ਼ਤਮ ਕਰ ਰਿਹਾ ਹੈ। ਜੇਕਰ ਅਸੀਂ ਘਰਾਂ, ਸਕੂਲਾਂ, ਗੁਰਦੁਆਰਿਆਂ, ਸ਼ਾਮਲਾਟ ਥਾਵਾਂ ਅਤੇ ਖੇਤਾਂ ਦੀਆਂ ਵੱਟਾਂ 'ਤੇ ਕਿੱਕਰ, ਟਾਹਲੀ, ਨਿੰਮ, ਪਿੱਪਲ, ਬਰੋਟੇ ਵਰਗੇ ਦੇਸੀ ਰੁੱਖ ਲਗਾਈਏ ਅਤੇ ਪਾਣੀ ਦੇ ਸਰੋਤਾਂ ਨੂੰ ਸਾਫ਼ ਰੱਖੀਏ ਤਾਂ ਕਈ ਜੀਵਾਂ ਨੂੰ ਮੁੜ ਜੀਵਨ-ਦਾਨ ਮਿਲ ਸਕਦਾ ਹੈ।

ਜੈਵ-ਵਿਭਿੰਨਤਾ ਦੀ ਸੰਭਾਲ ਸਿਰਫ਼ ਸਰਕਾਰਾਂ ਜਾਂ ਕਾਨੂੰਨਾਂ ਦੀ ਹੀ ਜ਼ਿੰਮੇਵਾਰੀ ਨਹੀਂ ਹੈ ਸਗੋਂ ਹਰ ਨਾਗਰਿਕ ਦਾ ਫ਼ਰਜ਼ ਹੈ। ਸਕੂਲਾਂ ਵਿੱਚ ਬੱਚਿਆਂ ਨੂੰ ਰੁੱਖਾਂ, ਪੰਛੀਆਂ, ਮਿੱਟੀ ਅਤੇ ਪਾਣੀ ਦੀ ਅਹਿਮੀਅਤ ਬਾਰੇ ਵਿਹਾਰਕ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਪਿੰਡਾਂ ਵਿੱਚ ਗ੍ਰਾਮ ਪੰਚਾਇਤਾਂ ਛੱਪੜਾਂ ਦੀ ਸਫ਼ਾਈ, ਰੁੱਖ ਲਗਾਉਣ ਅਤੇ ਪਲਾਸਟਿਕ ਮੁਕਤ ਮੁਹਿੰਮਾਂ ਦੀ ਅਗਵਾਈ ਕਰ ਸਕਦੀਆਂ ਹਨ। ਕਿਸਾਨ ਫ਼ਸਲੀ ਵਿਭਿੰਨਤਾ, ਜੈਵਿਕ ਖਾਦ, ਕੀਟਨਾਸ਼ਕਾਂ ਦੀ ਘੱਟ ਵਰਤੋਂ ਅਤੇ ਪਾਣੀ ਬਚਾਉਣ ਵਾਲੀਆਂ ਤਕਨੀਕਾਂ ਅਪਣਾ ਕੇ ਕੁਦਰਤ ਪੱਖੀ ਖੇਤੀ ਵਲ ਸਾਰਥਕ ਕਦਮ ਵਧਾ ਸਕਦੇ ਹਨ। ਘਰਾਂ ਵਿੱਚ ਵੀ ਅਸੀਂ ਰਸੋਈ ਦੇ ਕੂੜੇ ਤੋਂ ਜੈਵਿਕ ਖਾਦ ਬਣਾਉਣ ਤੇ ਬੇਲੋੜੀ ਪਲਾਸਟਿਕ ਵਰਤੋਂ ਘੱਟ ਕਰ ਕੇ ਸੌਖੇ ਪਰ ਪ੍ਰਭਾਵਸ਼ਾਲੀ ਕਦਮ ਚੁੱਕ ਸਕਦੇ ਹਾਂ।

ਅਸਲ ਵਿੱਚ ਕੁਦਰਤ ਸਾਡੀ ਮਲਕੀਅਤ ਨਹੀਂ, ਸਗੋਂ ਸਾਡੀ ਪਾਲਣਹਾਰ ਮਾਂ ਹੈ। ਜਦੋਂ ਅਸੀਂ ਕੁਦਰਤ ਦੇ ਸੰਤੁਲਨ ਨੂੰ ਵਿਗਾੜਦੇ ਹਾਂ ਤਾਂ ਅਸੀਂ ਆਪਣੇ ਹੀ ਆਉਣ ਵਾਲੇ ਕਲ ਨੂੰ ਹਨੇਰੇ ਵਿੱਚ ਧੱਕ ਰਹੇ ਹੁੰਦੇ ਹਾਂ। ਸਾਫ਼ ਹਵਾ, ਪੀਣ ਯੋਗ ਪਾਣੀ, ਉਪਜਾਊ ਮਿੱਟੀ, ਪੌਸ਼ਟਿਕ ਖ਼ੁਰਾਕ ਤੇ ਸਿਹਤਮੰਦ ਵਾਤਾਵਰਣ ਇਹ ਸਭ ਕੁਦਰਤ ਦੀਆਂ ਅਨਮੋਲ ਦਾਤਾਂ ਹਨ। ਜੈਵ-ਵਿਭਿੰਨਤਾ ਸੁਰੱਖਿਅਤ ਰਹੇਗੀ ਤਾਂ ਹੀ ਮਨੁੱਖੀ ਸਭਿਅਤਾ ਜ਼ਿੰਦਾ ਰਹੇਗੀ।

ਪੰਜਾਬ ਦੀਆਂ ਮੁੱਖ ਸਾਉਣੀ ਦੀਆਂ ਫ਼ਸਲਾਂ ਝੋਨਾ, ਮੱਕੀ, ਕਮਾਦ, ਕਪਾਹ ਅਤੇ ਅਰਹਰ ਹਨ। ਜ਼ਿਆਦਾ ਝਾੜ ਵਾਲੀਆਂ ਫ਼ਸਲਾਂ ਬੀਜਣ, ਬਿਨਾਂ ਸੂਖਮ ਤੱਤਾਂ ਵਾਲੀਆਂ ਖਾਦਾਂ ਦੀ ਵਧੇਰੀ ਵਰਤੋਂ ਅਤੇ ਜੈਵਿਕ ਖਾਦਾਂ ਦੀ ਘੱਟ ਵਰਤੋਂ, ਮਿੱਟੀ ਵਿੱਚ ਸੂਖਮ ਪੌਸ਼ਟਿਕ ਤੱਤਾਂ ਦੀ ਘਾਟ ਦੇ ਮੁੱਖ ਕਾਰਨ ਹਨ, ਜਿਨ੍ਹਾਂ ਦਾ ਪੈਦਾਵਾਰ ਤੇ ਸਿੱਧਾ ਅਸਰ ਪੈਂਦਾ ਹੈ। ਫ਼ਸਲਾਂ ਵਿੱਚ ਸੰਭਾਵੀ ਝਾੜ ਪ੍ਰਾਪਤ ਕਰਨ ਲਈ, ਸੂਖਮ ਪੌਸ਼ਟਿਕ ਤੱਤਾਂ ਦੀ ਘਾਟ ਦੀ ਪਛਾਣ ਅਤੇ ਉਪਾਵਾਂ ਬਾਰੇ ਕਿਸਾਨਾਂ ਨੂੰ ਸਮੇਂ ਸਿਰ ਜਾਗਰੂਕ ਕਰਨਾ ਲਾਜ਼ਮੀ ਹੈ।

ਸਾਉਣੀ ਦੀਆਂ ਫ਼ਸਲਾਂ ਦੀ ਵੱਧ ਪੈਦਾਵਾਰ ਲਈ ਸੂਖਮ ਤੱਤਾਂ ਦੀ ਸੁਚੱਜੀ ਵਰਤੋਂ

ਵਿੱਕੀ ਸਿੰਘ, ਵਿਵੇਕ ਸ਼ਰਮਾ ਅਤੇ ਜਨਪ੍ਰਿਆ ਕੌਰ,
ਭੂਮੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98141-00244)

ਜ਼ਿੰਕ ਦੀ ਘਾਟ

ਝੋਨਾ

ਨਿਸ਼ਾਨੀਆਂ : ਝੋਨੇ ਦੀ ਪਨੀਰੀ ਲਾਉਣ ਤੋਂ 2-3 ਹਫ਼ਤਿਆਂ ਬਾਅਦ ਜ਼ਿੰਕ ਦੀ ਕਮੀ ਦੇ ਲੱਛਣ ਦਿਖਾਈ ਦਿੰਦੇ ਹਨ। ਬੂਟੇ ਮੱਧਰੇ ਰਹਿ ਜਾਂਦੇ ਹਨ ਅਤੇ ਬੂਟਾ ਜਾੜ ਬਹੁਤ ਘੱਟ ਮਾਰਦਾ ਹੈ। ਅਜਿਹੇ ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ। ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ।

ਪ੍ਰਬੰਧਨ : ਜ਼ਿੰਕ ਦੀ ਘਾਟ ਪੂਰੀ ਕਰਨ ਲਈ ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖਿਲਾਰ ਦੇਣਾ ਚਾਹੀਦਾ ਹੈ। ਜੇਕਰ ਬੀਜੀ ਫ਼ਸਲ ਵਿੱਚ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਉਸ ਵੇਲੇ ਹੀ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਖੇਤ ਦੇ ਘਾਟ ਵਾਲੇ ਥਾਵਾਂ ਵਿੱਚ ਛੱਟੇ ਨਾਲ ਪਾ ਦਿਉ।

ਮੱਕੀ

ਨਿਸ਼ਾਨੀਆਂ : ਮੱਕੀ ਦੇ ਉੱਗਣ ਤੋਂ 2 ਹਫ਼ਤਿਆਂ ਵਿਚਕਾਰ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਲੱਗ ਪੈਂਦੀਆ ਹਨ। ਸ਼ੁਰੂ-ਸ਼ੁਰੂ ਵਿੱਚ ਬੂਟੇ ਦੇ ਉੱਪਰੋਂ ਦੂਜੇ ਜਾਂ ਤੀਜੇ ਪੱਤੇ ਦੇ ਮੁੱਢ ਵੱਲ ਸਫ਼ੈਦ ਜਾਂ ਹਲਕਾ ਪੀਲਾ ਪੱਟੀ ਨੁਮਾ ਧੱਬਾ ਪੈ ਜਾਂਦਾ ਹੈ ਅਤੇ ਮੁੱਖ ਨਾੜ ਦੇ ਦੋਵੇਂ ਪਾਸੇ ਲਾਲ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ।

ਪ੍ਰਬੰਧਨ : ਜ਼ਿੰਕ ਦੀ ਘਾਟ ਵਾਲੇ ਖੇਤਾਂ ਵਿੱਚ ਮੱਕੀ ਦੀ ਬਿਜਾਈ ਸਮੇਂ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਖੇਤ ਵਿੱਚ ਮਿਲਾ ਦਿਉ। ਮੱਕੀ ਦੀ ਫ਼ਸਲ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਨੂੰ ਸੁੱਕੀ ਮਿੱਟੀ ਵਿੱਚ ਰਲਾ ਕੇ ਕਤਾਰਾਂ ਵਿੱਚ ਫੈਲਾਓ ਅਤੇ ਗੋਡੀ ਕਰਨ ਤੋਂ ਬਾਅਦ ਸਿੰਚਾਈ ਕਰੋ। ਜੇ ਜ਼ਿੰਕ ਦੀ ਘਾਟ ਦਾ ਪਤਾ ਅਜਿਹੇ ਸਮੇਂ ਲੱਗੇ ਜਦੋਂ ਗੋਡੀ ਕਰਨੀ ਮੁਸ਼ਕਿਲ ਹੋਵੇ ਜਾਂ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ 1200 ਗ੍ਰਾਮ + 600 ਗ੍ਰਾਮ ਅਣਬੁਝਿਆ ਚੂਨਾ ਜਾਂ 750 ਗ੍ਰਾਮ ਜ਼ਿੰਕ ਸਲਫੇਟ (ਮੋਨੋਹਾਈਡ੍ਰੇਟ) + 375 ਗ੍ਰਾਮ ਅਣਬੁਝਿਆ ਚੂਨਾ 200 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

ਕਪਾਹ

ਨਿਸ਼ਾਨੀਆਂ : ਬੂਟੇ ਦੇ ਵਿਚਕਾਰਲੇ ਪੱਤਿਆਂ ਦੀਆਂ ਨਾੜੀਆਂ ਦੇ ਦਰਮਿਆਨ ਵਾਲੀ ਥਾਂ ਹਲਕੀ ਪੀਲੇ ਰੰਗ ਦੀ ਹੋ ਜਾਂਦੀ ਹੈ। ਪੱਤੇ ਕੱਪ ਦੇ ਆਕਾਰ ਦੇ ਅਤੇ ਛੋਟੇ ਰਹਿੰਦੇ ਹਨ। ਜ਼ਿਆਦਾ ਘਾਟ ਨਾਲ ਬੂਟੇ ਮਰ ਵੀ ਜਾਂਦੇ ਹਨ।

ਪ੍ਰਬੰਧਨ : ਜ਼ਿੰਕ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ 10 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 6.5 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ।

ਮੂੰਗਫਲੀ

ਨਿਸ਼ਾਨੀਆਂ : ਜ਼ਿੰਕ ਦੀ ਕਮੀ ਨਾਲ ਨਵੇਂ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ ਅਤੇ ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ। ਜ਼ਿੰਕ ਦੀ ਗੰਭੀਰ ਘਾਟ ਨਾਲ ਪੌਦਾ ਵੱਧਦਾ-ਫੁੱਲਦਾ ਨਹੀਂ ਅਤੇ ਗਿਰੀਆਂ ਸੁੰਗੜ ਜਾਂਦੀਆਂ ਹਨ।

ਪ੍ਰਬੰਧਨ : ਇਸ ਹਾਲਤ ਵਿੱਚ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਪਾਉ। ਜ਼ਿੰਕ ਸਲਫੇਟ ਦੀ ਇਹਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ।

ਲੋਹੇ ਦੀ ਘਾਟ

ਝੋਨਾ

ਨਿਸ਼ਾਨੀਆਂ : ਜ਼ਿਆਦਾ ਰੇਤਲੀਆਂ ਜ਼ਮੀਨਾਂ ਵਿੱਚ ਜਿੱਥੇ ਪਾਣੀ ਦੀ ਘਾਟ ਹੋਵੇ, ਪਨੀਰੀ ਲਾਉਣ ਤੋਂ ਲਗਭਗ ਤਿੰਨ ਹਫ਼ਤਿਆਂ ਬਾਅਦ ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ। ਇਸ ਨਾਲ ਬੂਟੇ ਮਰ ਜਾਂਦੇ ਹਨ ਅਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ।

ਪ੍ਰਬੰਧਨ : ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤੇ ਛੇਤੀ-ਛੇਤੀ ਫ਼ਸਲ ਨੂੰ ਪਾਣੀ ਦਿਉ। ਇੱਕ ਹਫ਼ਤੇ ਦੀ ਵਿੱਥ ਰੱਖ ਕੇ ਇੱਕ ਪ੍ਰਤੀਸ਼ਤ ਲੋਹੇ ਦਾ ਛਿੜਕਾਅ ਪੱਤਿਆਂ ਉੱਪਰ ਕਰੋ। ਇਸ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ।

ਕਮਾਦ

ਨਿਸ਼ਾਨੀਆਂ : ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੇ ਹਨ ਜਿਸ ਨਾਲ ਪੱਤੇ ਦਾ ਰੰਗ ਪੀਲਾ ਅਤੇ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ।

ਪ੍ਰਬੰਧਨ : ਲੋਹੇ ਦੀ ਘਾਟ ਨੂੰ ਪੂਰਾ ਕਰਨ ਲਈ 1.0% ਫੈਰਸ ਸਲਫੇਟ ਦੇ ਘੋਲ ਦਾ (1.0 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿੱਚ) ਹਫ਼ਤੇ-ਹਫ਼ਤੇ ਦੀ ਵਿੱਥ ਤੇ ਦੋ-ਤਿੰਨ ਵਾਰ ਛਿੜਕਾਅ ਕਰੋ।

ਸੋਇਆਬੀਨ

ਨਿਸ਼ਾਨੀਆਂ : ਲੋਹੇ ਦੀ ਘਾਟ ਦੀਆਂ ਨਿਸ਼ਾਨੀਆਂ ਪਹਿਲਾਂ ਨਵੇਂ ਪੱਤਿਆਂ ਤੇ ਆਉਂਦੇ ਹਨ ਜਿਸ ਦੇ ਨਾਲ ਪੱਤੇ ਦਾ ਰੰਗ ਪੀਲਾ ਅਤੇ ਨਾੜੀਆਂ ਹਰੀਆਂ ਨਜ਼ਰ ਆਉਂਦੀਆਂ ਹਨ।

ਪ੍ਰਬੰਧਨ : ਫ਼ਸਲ ਵਿੱਚ ਲੋਹੇ ਦੀ ਘਾਟ ਨੂੰ ਪੂਰਾ ਕਰਨ ਅਤੇ ਵਧੇਰੇ ਝਾੜ ਲੈਣ ਲਈ 30 ਦਿਨਾਂ ਤੇ ਫੈਰਸ ਸਲਫੇਟ ਦੇ 0.5 ਪ੍ਰਤੀਸ਼ਤ ਘੋਲ ਦਾ ਅਤੇ 60 ਦਿਨਾਂ ਦੀ ਫ਼ਸਲ ਤੇ 0.5 ਪ੍ਰਤੀਸ਼ਤ ਫੈਰਸ ਸਲਫੇਟ + 2 ਪ੍ਰਤੀਸ਼ਤ ਯੂਰੀਆ (ਰਲਾਅ ਕੇ) ਦਾ ਛਿੜਕਾਅ ਕਰੋ।

ਬੋਰੋਨ ਦੀ ਘਾਟ

ਨਰਮਾ

ਨਿਸ਼ਾਨੀਆਂ : ਮਿੱਟੀ ਵਿੱਚ ਬੋਰੋਨ ਦੀ ਘਾਟ ਨਾਲ ਨਰਮੇ ਦੀ ਫ਼ਸਲ ਵਿੱਚ ਫੁੱਲ-ਡੋਡੀਆਂ ਅਤੇ ਛੋਟੇ ਟੀਂਡੇ ਝੜ ਜਾਂਦੇ ਹਨ। ਨਵੇਂ ਪੱਤਿਆਂ ਦੇ ਪੇਟੀਓਲ ਅਨਿਯਮਿਤ ਤੌਰ 'ਤੇ ਮੋਟੇ ਹੋ ਜਾਂਦੇ ਹਨ ਅਤੇ ਨਵੀਆਂ ਕੋਮਲਾਂ ਸੁੱਕ ਜਾਂਦੀਆਂ ਹਨ। ਗੱਠਾਂ ਛੋਟੀਆਂ, ਸ਼ਾਖਾਵਾਂ ਦੀ ਗਿਣਤੀ ਜ਼ਿਆਦਾ ਅਤੇ ਬੱਲਾਂ ਦੇ ਮੁੱਖ ਕਾਲੇ ਰੰਗ ਦੇ ਹੋ ਜਾਂਦੇ ਹਨ।

ਪ੍ਰਬੰਧਨ : ਬੋਰੋਨ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਨਰਮੇ ਦੇ ਵਧੇਰੇ ਝਾੜ ਲਈ

Crop® Chemicals
ISO 9001:2015 & 14001:2015 CERTIFIED
ਬਿਹਤਰ ਗੁਣਵੱਤਾ ਬਿਹਤਰ ਫਸਲ

ਬਿਜਾਈ ਸਮੇਂ 400 ਗ੍ਰਾਮ ਬੋਰੋਨ (4.0 ਕਿਲੋਗ੍ਰਾਮ ਬੋਰੈਕਸ) ਪ੍ਰਤੀ ਏਕੜ ਦੀ ਵਰਤੋਂ ਕਰੋ।

ਅਰਹਰ

ਨਿਸ਼ਾਨੀਆਂ : ਬੂਟੇ ਮੱਧਰੇ ਰਹਿ ਜਾਂਦੇ ਹਨ। ਫੁੱਲ ਫਲੀਆਂ ਅਤੇ ਦਾਣਿਆਂ ਦੀ ਗਿਣਤੀ ਘੱਟ ਜਾਂਦੀ ਹੈ।

ਪ੍ਰਬੰਧਨ : ਬੋਰੋਨ ਦੀ ਘਾਟ ਵਾਲੀਆਂ ਜ਼ਮੀਨਾਂ ਵਿੱਚ ਅਰਹਰ ਦੇ ਵਧੇਰੇ ਝਾੜ ਲਈ ਬਿਜਾਈ ਸਮੇਂ 500 ਗ੍ਰਾਮ ਬੋਰੋਨ (5.0 ਕਿਲੋਗ੍ਰਾਮ ਬੋਰੈਕਸ) ਪ੍ਰਤੀ ਏਕੜ ਦੀ ਵਰਤੋਂ ਕਰੋ। ਬੋਰੋਨ ਦੀ ਜ਼ਰੂਰਤ ਤੋਂ ਵੱਧ ਵਰਤੋਂ, ਫ਼ਸਲਾਂ ਲਈ ਨੁਕਸਾਨਦਾਇਕ ਹੋ ਸਕਦੀ ਹੈ।

ਕਿਸਾਨਾਂ ਦੀ ਸੇਵਾ ਵਿੱਚ 1983 ਤੋਂ ਪ੍ਰਕਾਸ਼ਿਤ ਹੋਣ ਵਾਲਾ
ਖੇਤੀ ਦੁਨੀਆਂ
ਸੰਪੂਰਣ ਖੇਤੀਬਾੜੀ ਹਫਤਾਵਾਰੀ
ਇੱਕ ਸਾਲ ਵਿੱਚ 52 ਅੰਕ
ਹਰ ਹਫਤੇ ਖੇਤੀ ਅਤੇ ਸਹਾਇਕ ਧੰਦਿਆਂ ਦੀ ਨਵੀਨਤਮ ਜਾਣਕਾਰੀ ਪਾਓ
ਹੋਰ ਜਾਣਕਾਰੀ ਲਈ ਸੰਪਰਕ ਕਰੋ : 90410-14575, 98151-04575

ਵਿਕਾਸ ਦੀਆਂ ਪੌੜੀਆਂ ਚੜ੍ਹਨ ਦੀ ਦੌੜ ਵਿੱਚ ਮਨੁੱਖ ਇਸ ਕਦਰ ਬੇਪਰਵਾਹ ਹੋ ਚੁੱਕਿਆ ਹੈ ਕਿ ਉਸ ਨੇ ਕੁਦਰਤੀ ਨੇਮਾਂ ਨੂੰ ਅੰਨ੍ਹੇਵਾਹ ਉਲੰਘ ਕੇ ਆਪਣੇ ਜੀਵਨ ਲਈ ਅਨੇਕ ਅਲਾਮਤਾਂ ਸਹੇੜ ਲਈਆਂ ਹਨ...

ਜਿਊਣ ਰੁੱਖਾਂ ਦੀਆਂ ਛਾਵਾਂ...

ਗੁਰਬਿੰਦਰ ਸਿੰਘ ਮਾਣਕ,
ਮੋ. 98153-56086

ਧਰਤੀ ਨੂੰ ਰਹਿਣਯੋਗ ਬਣਾਈ ਰੱਖਣ ਤੇ ਵਾਤਾਵਰਣ ਦੇ ਕੁਦਰਤੀ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਰੁੱਖਾਂ ਦੇ ਮਹੱਤਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਸਲ ਅਰਥਾਂ ਵਿੱਚ ਰੁੱਖ ਤਾਂ ਧਰਤੀ ਦਾ ਸ਼ਿੰਗਾਰ ਹੁੰਦੇ ਹਨ। ਜਿਵੇਂ ਕੋਈ ਰੂਪਵਤੀ ਮੁਟਿਆਰ ਆਪਣੇ ਹੁਸਨ ਨੂੰ ਚਾਰ-ਚੰਨ ਲਾਉਣ ਲਈ ਗਹਿਣਿਆਂ ਸਮੇਤ ਕਈ ਤਰ੍ਹਾਂ ਦੇ ਸ਼ਿੰਗਾਰ ਕਰਕੇ ਆਪਣੇ ਹੁਸਨ ਦਾ ਜਲਵਾ ਬਿਖੇਰਦੀ ਹੈ, ਉਸੇ ਤਰ੍ਹਾਂ ਧਰਤੀ ਉੱਤੇ ਠੰਢੀਆਂ ਮਿੱਠੀਆਂ ਛਾਵਾਂ ਦਿੰਦੇ ਸੰਘਣੇ ਰੁੱਖ, ਫ਼ਲਾਂ ਨਾਲ ਲੱਦੇ ਆਪਣੀ ਖ਼ੂਬਸੂਰਤੀ ਦਾ ਪ੍ਰਗਟਾਵਾ ਕਰਦੇ ਰੁੱਖ, ਰੰਗ-ਬਿਰੰਗੇ ਫੁੱਲਾਂ ਨਾਲ ਲੱਦੇ ਖ਼ੂਬਸੂਰਤੀ ਤੇ ਤਾਜ਼ਗੀ ਬਖ਼ਸ਼ਦੇ ਅਨੇਕਾਂ ਪ੍ਰਕਾਰ ਦੇ ਰੁੱਖ ਬੂਟੇ ਘਰਤੀ ਦਾ ਸ਼ਿੰਗਾਰ ਹੀ ਤਾਂ ਹਨ। ਰੁੱਖਾਂ ਤੋਂ ਸੱਖਣੀ ਧਰਤੀ ਦਾ ਕਿਆਸ ਕਰਕੇ ਦੇਖੋ। ਦੂਰ ਤੱਕ ਵੀਰਾਨੀ ਪਸਰੀ ਨਜ਼ਰ ਆਉਂਦੀ ਹੈ। ਜੇ ਘਰ ਦੇ ਵਿਹੜੇ ਵਿੱਚ ਕੋਈ ਰੁੱਖ ਹੋਵੇ ਤਾਂ ਠੰਢੀ-ਮਿੱਠੀ ਛਾਂ ਤਾਂ ਮਿਲਦੀ ਹੀ ਹੈ,

ਰੁੱਖਾਂ ਉੱਤੇ ਚਹਿਚਹਾਉਂਦੇ ਰੰਗ-ਬਿਰੰਗੇ ਪੰਛੀ ਵੀ ਮਨ ਮੋਹ ਲੈਂਦੇ ਹਨ।

ਸਹੇੜ ਲਈਆਂ ਅਨੇਕਾਂ ਅਲਾਮਤਾਂ

ਸੰਘਣੇ ਰੁੱਖਾਂ ਦੀ ਅਣਹੋਂਦ ਕਾਰਨ ਹੁਣ ਕੋਇਲ ਦੀ ਮਿੱਠੀ ਆਵਾਜ਼ ਵੀ ਕਦੇ ਘੱਟ ਵੱਧ ਹੀ ਸੁਣਾਈ ਦਿੰਦੀ ਹੈ। ਚਿੜੀਆਂ ਵਿਚਾਰੀਆਂ ਤਾਂ ਸ਼ਾਇਦ ਸਾਡੇ ਨਾਲ ਰੁੱਸ ਕੇ ਚਿਰਾਂ ਦੀਆਂ ਕਿਤੇ ਦੂਰ ਉਡਾਰੀ ਮਾਰ ਗਈਆਂ ਹਨ। ਕਿਹੋ ਜਿਹੀ ਮਾਨਸਿਕਤਾ ਵਾਲਾ ਹੋ ਗਿਆ ਹੈ ਅਜੋਕਾ ਇਨਸਾਨ। ਅਸੀਂ ਕੁੜੀਆਂ ਤੋਂ ਜੰਮਣ ਦਾ ਹੱਕ ਤਾਂ ਪਹਿਲਾਂ ਹੀ ਖੋਹ ਲਿਆ ਹੈ, ਹੁਣ ਚਿੜੀਆਂ ਵੀ ਸਾਡੀ ਕਰੋਪੀ ਦਾ ਸ਼ਿਕਾਰ ਹੋ ਗਈਆਂ ਹਨ। ਸਦੀਆਂ ਤੋਂ ਮਨੁੱਖ ਰੁੱਖਾਂ ਦੇ ਅੰਗ-ਸੰਗ ਜੀਵਨ ਬਸਰ ਕਰਦਾ ਆ ਰਿਹਾ ਹੈ। ਧਰਤੀ ਦੇ ਆਦਿ ਕਾਲੀ ਬਾਸ਼ਿੰਦਿਆਂ ਦਾ ਜੀਵਨ ਤਾਂ ਸਦੀਆਂ ਤੱਕ ਦਰਿਆਵਾਂ ਦੇ ਕੰਢਿਆਂ ’ਤੇ ਸੰਘਣੇ ਜੰਗਲਾਂ ਵਿੱਚ ਬੀਤਿਆ। ਜੰਗਲੀ ਫੁੱਲ, ਫਲ, ਪੱਤੇ ਅਤੇ ਹੋਰ ਜੜ੍ਹੀ-ਬੂਟੀਆਂ ਅਤੇ ਜੰਗਲੀ ਜਾਨਵਰ ਹੀ ਉਸ ਦੀ ਖ਼ੁਰਾਕ ਦਾ ਹਿੱਸਾ ਬਣਦੇ ਹਨ। ਇੰਜ ਕੁਦਰਤ ਦੀ ਆਗੋਸ਼ ਵਿੱਚ ਵਿਚਰਦਾ ਮਨੁੱਖ ਕੁਦਰਤ ਤੋਂ ਭੈਅ ਖਾਂਦਾ ਸੀ। ਵਿਕਾਸ ਦੀਆਂ ਪੌੜੀਆਂ ਚੜ੍ਹਨ ਦੀ ਦੌੜ ਵਿੱਚ ਮਨੁੱਖ ਇਸ ਕਦਰ ਬੇਪਰਵਾਹੇ ਹੋ ਗਿਆ ਹੈ ਕਿ ਉਸ ਨੇ ਕੁਦਰਤੀ ਨੇਮਾਂ ਨੂੰ ਅੰਨ੍ਹੇਵਾਹ ਉਲੰਘ ਕੇ, ਆਪਣੇ ਜੀਵਨ ਲਈ ਹੀ ਅਨੇਕਾਂ ਅਲਾਮਤਾਂ ਸਹੇੜ ਲਈਆਂ ਹਨ। ਹਾਲਾਂਕਿ ਰੁੱਖ ਤਾਂ ਮਨੁੱਖ ਦੇ ਜਨਮ ਤੋਂ ਲੈ ਕੇ ਆਖਰੀ ਸਾਹਾਂ ਤੱਕ ਉਸ ਦਾ ਸਾਥ ਨਿਭਾਉਂਦੇ ਰਹੇ ਹਨ। ਖੇਤੀਬਾੜੀ ਦੇ ਸੰਦ, ਘਰ ਬਣਾਉਣ, ਬੱਚਿਆਂ ਲਈ ਖਿਡੌਣ, ਬਾਲਣ, ਘਰ ਦੀ ਲੋੜ ਲਈ ਅਨੇਕਾਂ ਚੀਜ਼ਾਂ ਵਸਤਾਂ ਬਣਾਉਣ ਤੇ ਆਖਰੀ ਸਮੇਂ ਯਾਨੀ ਮੌਤ ਤੋਂ ਬਾਅਦ ਹੀ ਰੁੱਖ ਹੀ ਹਨ, ਜਿਹੜੇ ਮਨੁੱਖ ਦੇ ਸੱਚੇ ਸਾਥੀ ਕਹੇ ਜਾ ਸਕਦੇ ਹਨ।

ਯੋਜਨਾਬੱਧ ਤਰੀਕੇ ਨਾਲ ਹੋਣਾ ਚਾਹੀਦਾ

ਧਰਤੀ ਦੇ ਕਿਸੇ ਵੀ ਟੋਟੇ ਉੱਤੇ ਕੁਦਰਤੀ ਵਾਤਾਵਰਣ ਦੇ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਘੱਟੋ-ਘੱਟ ਤੀਜੇ ਹਿੱਸੇ ਉੱਤੇ ਜੰਗਲਾਂ ਦਾ ਹੋਣਾ ਲਾਜ਼ਮੀ ਹੈ। ਭਾਰਤ ਵਿੱਚ ਜੰਗਲਾਂ ਦੀ ਇਹ ਸਥਿਤੀ ਕੁੱਲ ਖੇਤਰਫਲ ਦੇ ਕੇਵਲ 24 ਫੀਸਦੀ ਰਕਬੇ ਤੋਂ ਵੀ ਘੱਟ ਹੈ। ਅੰਕੜਿਆਂ ਦੀ ਇਹ ਸਥਿਤੀ ਵੀ ਵਿਸ਼ਵਾਸਯੋਗ ਨਹੀਂ ਕਹੀ ਜਾ ਸਕਦੀ। ਪਿਛਲੇ ਕੁਝ ਸਾਲਾਂ ਵਿੱਚ ਜਿਹੜੇ ਖੇਤਰਾਂ ਵਿੱਚ ਕੁਦਰਤੀ ਜੰਗਲ ਸਨ, ਉਨ੍ਹਾਂ ਉੱਤੇ ਇੰਨੀ ਬੇਰਹਿਮੀ ਨਾਲ ਕੁਹਾੜਾ ਚਲਾਇਆ ਗਿਆ ਹੈ ਕਿ ਵਾਤਾਵਰਣ ਦਾ ਸੰਤੁਲਨ ਤਾਂ ਵਿਗੜਨਾ ਹੀ ਸੀ, ਉੱਥੇ ਸਦੀਆਂ ਤੋਂ ਵਸਦੇ ਲੋਕ ਜਿਨ੍ਹਾਂ ਲਈ ਜ਼ਮੀਨ ’ਤੇ ਜੰਗਲ ਹੀ ਸਭ ਕੁਝ ਸੀ, ਵੀ ਕੁਰਲਾ ਉੱਠੇ ਹਨ। ਸੜਕਾਂ, ਮਕਾਨਾਂ, ਉਦਯੋਗਿਕ ਕੇਂਦਰਾਂ ਤੇ ਦਿਓ-ਕੱਦ ਮਾਲਜ਼ ਦੀ ਉਸਾਰੀ ਲਈ ਬਿਨਾਂ ਕਿਸੇ ਨੀਤੀ ਤੇ ਯੋਜਨਾ ਦੇ ਰੁੱਖਾਂ ਬੂਟਿਆਂ ਨੂੰ ਬਲੀ ਚੜ੍ਹਾ ਦਿੱਤਾ ਜਾਂਦਾ ਹੈ। ਵਿਕਾਸ ਦੇ ਨਾਂ ਉੱਤੇ ਵਿਨਾਸ਼ ਦੀ ਇਹ ਲੀਲਾ ਬਦਸਤੂਰ ਜਾਰੀ ਹੈ। ਪੰਜਾਬ ਵਿੱਚ ਸੜਕਾਂ ਨੂੰ ਚਾਰ-ਮਾਰਗੀ ਬਣਾਉਣ ਲਈ ਕਈ ਸੜਕਾਂ ਉੱਤੇ ਪੰਜਾਹ-ਪੰਜਾਹ ਸਾਲ ਪੁਰਾਣੇ ਰੁੱਖਾਂ ਦਾ ਵੀ ਸਫਾਇਆ ਕਰ ਦਿੱਤਾ ਗਿਆ ਹੈ। ਬਦਲ ਰਹੇ ਸਮਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਕਾਸ ਹੋਣਾ ਜ਼ਰੂਰੀ ਹੈ, ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਇਹ ਵਿਕਾਸ ਯੋਜਨਾਬੱਧ ਤਰੀਕੇ ਨਾਲ ਹੋਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਉਸੇ ਮਾਤਰਾ ਵਿੱਚ ਨਵੇਂ ਰੁੱਖ ਲਗਾ ਕੇ ਇਸ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਵਾਤਾਵਰਨ ਵਿੱਚ ਪੈਦਾ ਹੋ ਰਹੇ ਵਿਗਾੜ

ਰੁੱਖਾਂ ਦੀ ਲਗਾਤਾਰ ਬਰਬਾਦੀ ਦੇ ਸਿੱਟੇ ਵਜੋਂ ਧਰਤੀ ਰੁੰਡ-ਮਰੁੰਡ ਹੁੰਦੀ ਜਾ ਰਹੀ ਹੈ ਅਤੇ ਭੌਂ-ਖੋਰ ਦੇ ਸਿੱਟੇ ਵਜੋਂ ਉਪਜਾਊ ਭੂਮੀ ਬੰਜਰ ਬਣਦੀ ਜਾ ਰਹੀ ਹੈ। ਮਨੁੱਖ ਦੇ ਜਿਊਣ ਲਈ ਸਭ ਤੋਂ ਵੱਡੀ ਲੋੜ ਹਵਾ ਦੀ ਹੈ। ਰੁੱਖ ਸਾਨੂੰ ਸ਼ੁੱਧ ਅਤੇ ਤਾਜ਼ੀ ਆਕਸੀਜਨ ਦਿੰਦੇ ਹਨ, ਜੋ ਮਨੁੱਖ ਲਈ ਜੀਵਨਦਾਨ ਹੈ। ਕਾਰਖਾਨਿਆਂ ਦਾ ਕਾਲਾ ਸੰਘਣਾ ਧੂੰਆਂ, ਫ਼ਸਲਾਂ ਲਈ ਵਰਤੀਆਂ ਜਾਂਦੀਆਂ ਕੀਟਨਾਸ਼ਕ ਜ਼ਹਿਰਾਂ ਅਤੇ ਵਾਹਨਾਂ ਦੁਆਰਾ ਪੈਦਾ ਹੋ ਰਹੇ ਪ੍ਰਦੂਸ਼ਣ ਨੇ ਮਨੁੱਖ ਦੇ ਸਾਹ ਲੈਣ ਵਾਲੀ ਹਵਾ ਨੂੰ ਪਲੀਤ ਕਰ ਦਿੱਤਾ ਹੈ।

ਰੁੱਖ ਪ੍ਰਦੂਸ਼ਿਤ ਹਵਾ ਨੂੰ ਸ਼ੁੱਧ ਕਰਨ ਵਿੱਚ ਸਭ ਤੋਂ ਵੱਡੇ ਮਦਦਗਾਰ ਹਨ। ਨਤੀਜੇ ਵਜੋਂ ਵਾਤਾਵਰਣ ਵਿੱਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਗਏ ਹਨ, ਜਿਸ ਦੇ ਪ੍ਰਭਾਵ ਸਦਕਾ ਮਨੁੱਖੀ ਜੀਵਨ ਨੂੰ ਕਈ ਤਰ੍ਹਾਂ ਦੇ ਸੰਕਟਾਂ ਨਾਲ ਜੂਝਣਾ ਪੈ ਰਿਹਾ ਹੈ। ਮਨੁੱਖੀ ਜੀਵਨ ਵਿੱਚ ਰੁੱਖਾਂ ਦੀ ਮਹੱਤਤਾ ਦਾ ਅਨੁਮਾਨ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਕੁਝ ਸਮਾਂ ਪਹਿਲਾਂ ਕਲਕੱਤਾ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਖੋਜਾਂ ਰਾਹੀਂ ਇਹ ਸਿੱਟਾ ਕੱਢਿਆ ਹੈ ਕਿ ਜੇ ਇੱਕ ਰੁੱਖ ਦੀ ਉਮਰ ਨੂੰ ਪੰਜਾਹ ਸਾਲ ਮੰਨਿਆ ਜਾਵੇ ਤਾਂ ਉਹ ਆਪਣੇ ਜੀਵਨ ਵਿੱਚ ਮਨੁੱਖ ਨੂੰ 15 ਲੱਖ 70 ਹਜ਼ਾਰ ਦਾ ਲਾਭ ਦਿੰਦਾ ਹੈ। ਇਸ ਵਿੱਚ ਆਕਸੀਜਨ, ਪ੍ਰਦੂਸ਼ਣ ਨੂੰ ਦੂਰ ਕਰਨ ਵਿੱਚ ਸਹਾਇਤਾ, ਵਰਖਾ ਲਿਆਉਣ ਵਿੱਚ ਸਹਾਈ ਹੋਣਾ, ਲੱਕੜੀ ਦੇਣਾ, ਜ਼ਮੀਨ ਦੇ ਖੋਰ ਨੂੰ ਰੋਕਣਾ, ਪੰਛੀਆਂ ਲਈ ਰੈਣ-ਬਸੇਰੇ ਦਾ ਕੰਮ ਕਰਨਾ ਅਤੇ ਠੰਢੀ ਮਿੱਠੀ ਛਾਂ ਦੇਣਾ ਆਦਿ ਸ਼ਾਮਿਲ ਹਨ।

ਮਨੁੱਖ ਤੇ ਰੁੱਖ ਦਾ ਮੁੱਢ-ਕਦੀਮੀ ਰਿਸ਼ਤਾ

ਕੁਦਰਤ ਦੇ ਸੰਤੁਲਨ ਨੂੰ ਕਾਇਮ ਰੱਖਣਾ ਵੱਡੀ ਲੋੜ ਹੈ। ਮਨੁੱਖ ਕੁਦਰਤ ਦੇ ਸਰਮਾਏ ਨੂੰ ਤਹਿਸ-ਨਹਿਸ ਕਰਨ ਦੇ ਰਾਹ ਤੁਰਿਆ ਹੋਇਆ ਹੈ ਅਤੇ ਆਪਣੇ ਲਈ ਹੀ ਸੰਕਟ ਖੜ੍ਹੇ ਕਰ ਰਿਹਾ ਹੈ। ਮਨੁੱਖ ਤੇ ਰੁੱਖ ਦਾ ਮੁੱਢ-ਕਦੀਮੀ ਰਿਸ਼ਤਾ ਹੈ। ਅਜੇ ਤੱਕ ਸਾਡੀ ਧਰਤੀ ਹੀ ਮਨੁੱਖ ਦੇ ਰਹਿਣ ਲਈ ਯੋਗ ਸਥਾਨ ਹੈ। ਇਸ ਧਰਤੀ ਨੂੰ ਮਨੁੱਖ ਵਾਸਤੇ ਜਿਊਣਯੋਗ ਬਣਾਈ ਰੱਖਣ ਲਈ ਮਨੁੱਖ ਅਤੇ ਰੁੱਖ ਦੇ

ਆਪਸੀ ਰਿਸ਼ਤੇ ਨੂੰ ਹੋਰ ਪੀਡਾ ਕਰਨ ਦੀ ਲੋੜ ਹੈ। ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਤੇ ਮਨੁੱਖ ਦੇ ਸਦੀਵੀ ਸੰਬੰਧਾਂ ਨੂੰ ਪ੍ਰਗਟ ਕਰਦਿਆਂ ਮਾਨਵੀ ਰਿਸ਼ਤਿਆਂ ਨਾਲ ਜੋੜ ਕੇ ਇਨ੍ਹਾਂ ਦੀ ਮਹੱਤਤਾ ਦਰਸਾਈ ਹੈ :-

ਜੇ ਤੁਸਾਂ ਮੇਰਾ ਗੀਤ ਹੈ ਸੁਣਨਾ,
ਮੈਂ ਰੁੱਖਾਂ ਵਿੱਚ ਗਾਵਾਂ,
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਊਣ ਰੁੱਖਾਂ ਦੀਆਂ ਛਾਵਾਂ।

ਹਰ ਵਿਅਕਤੀ ਦਾ ਜਾਗਰੂਕ ਹੋਣਾ ਜ਼ਰੂਰੀ

ਜਦੋਂ ਤੱਕ ਸਮਾਜ ਦਾ ਹਰ ਵਿਅਕਤੀ ਰੁੱਖਾਂ ਦੀ ਮਹੱਤਤਾ ਪ੍ਰਤੀ ਜਾਗਰੂਕ ਨਹੀਂ ਹੁੰਦਾ, ਉਦੋਂ ਤੱਕ ਇਸ ਗੰਭੀਰ ਮਸਲੇ ਦਾ ਹੱਲ ਨਹੀਂ ਕੀਤਾ ਜਾ ਸਕਦਾ। ਸੱਚਾਈ ਇਹ ਹੈ ਕਿ ਇਹ ਕਾਰਜ ਕਿਸੇ ਇਕੱਲੇ ਇਕਹਿਰੇ ਦੇ ਕਰਨ ਵਾਲਾ ਨਹੀਂ ਹੈ। ਇਸ ਸੰਬੰਧੀ ਪੂਰੇ ਸਮਾਜ ਨੂੰ ਸੁਚੇਤ ਪੱਧਰ ’ਤੇ ਪੂਰੀ ਸੁਹਿਰਦਤਾ ਨਾਲ ਯਤਨਸ਼ੀਲ ਹੋਣ ਦੀ ਲੋੜ ਹੈ। ਕੋਈ ਵੀ ਲਹਿਰ ਉਦੋਂ ਤੱਕ ਸਫਲ ਨਹੀਂ ਹੋ ਸਕਦੀ, ਜਦੋਂ ਤੱਕ ਉਸ ਨਾਲ ਲੋਕ ਨਾ ਜੁੜਨ। ਕਈ ਸਮਾਜਸੇਵੀ ਸੰਸਥਾਵਾਂ ਇਸ ਖੇਤਰ ਵਿੱਚ ਜ਼ਿਕਰਯੋਗ ਕੰਮ ਕਰ ਰਹੀਆਂ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਨਾ ਕੇਵਲ ਵੱਡੀ ਪੱਧਰ ’ਤੇ ਰੁੱਖ ਲਾਏ ਹੀ ਹਨ, ਸਗੋਂ ਸਮਾਜ ਵਿੱਚ ਰੁੱਖਾਂ ਪ੍ਰਤੀ ਚੇਤਨਾ ਵੀ ਪੈਦਾ ਕੀਤੀ ਹੈ।

ਮਨੁੱਖ ਤੇ ਰੁੱਖ ਦਾ ਮੁੱਢ - ਕਦੀਮੀ ਰਿਸ਼ਤਾ

ਕੁਦਰਤ ਦੇ ਸੰਤੁਲਨ ਨੂੰ ਕਾਇਮ ਰੱਖਣਾ ਵੱਡੀ ਲੋੜ ਹੈ। ਮਨੁੱਖ ਕੁਦਰਤ ਦੇ ਸਰਮਾਏ ਨੂੰ ਤਹਿਸ-ਨਹਿਸ ਕਰਨ ਦੇ ਰਾਹ ਤੁਰਿਆ ਹੋਇਆ ਹੈ ਅਤੇ ਆਪਣੇ ਲਈ ਹੀ ਸੰਕਟ ਖੜ੍ਹੇ ਕਰ ਰਿਹਾ ਹੈ। ਮਨੁੱਖ ਤੇ ਰੁੱਖ ਦਾ ਮੁੱਢ-ਕਦੀਮੀ ਰਿਸ਼ਤਾ ਹੈ। ਅਜੇ ਤੱਕ ਸਾਡੀ ਧਰਤੀ ਹੀ ਮਨੁੱਖ ਦੇ ਰਹਿਣ ਲਈ ਯੋਗ ਸਥਾਨ ਹੈ। ਇਸ ਧਰਤੀ ਨੂੰ ਮਨੁੱਖ ਵਾਸਤੇ ਜਿਉਣਯੋਗ ਬਣਾਈ ਰੱਖਣ ਲਈ ਮਨੁੱਖ ਤੇ ਰੁੱਖ ਦੇ ਆਪਸੀ ਰਿਸ਼ਤੇ ਨੂੰ ਹੋਰ ਪੀਡਾ ਕਰਨ ਦੀ ਲੋੜ ਹੈ। ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਤੇ ਮਨੁੱਖ ਦੇ ਸਦੀਵੀ ਸਬੰਧਾਂ ਨੂੰ ਪ੍ਰਗਟ ਕਰਦਿਆਂ ਮਾਨਵੀ ਰਿਸ਼ਤਿਆਂ ਨਾਲ ਜੋੜ ਕੇ ਇਨ੍ਹਾਂ ਦੀ ਮਹੱਤਤਾ ਦਰਸਾਈ ਹੈ :-

ਜੇ ਤੁਸਾਂ ਮੇਰਾ ਗੀਤ ਹੈ ਸੁਣਨਾ,
ਮੈਂ ਰੁੱਖਾਂ ਵਿੱਚ ਗਾਵਾਂ,
ਰੁੱਖ ਤਾਂ ਮੇਰੀ ਮਾਂ ਵਰਗੇ ਨੇ,
ਜਿਊਣ ਰੁੱਖਾਂ ਦੀਆਂ ਛਾਵਾਂ।

ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

ਸੰਯੋਜਕ : ਅਮਰਜੀਤ ਸਿੰਘ
ਸੰਗ੍ਰਹਿ ਕਰਤਾ : ਅਮਿਤ ਕੌਲ, ਰਵਿੰਦਰ ਸਿੰਘ ਚੰਦੀ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਦਿਲਪ੍ਰੀਤ ਸਿੰਘ ਤਲਵਾੜ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਝੋਨਾ

ਪੰਜਾਬ ਬਾਸਮਤੀ 7, ਪੰਜਾਬ ਬਾਸਮਤੀ 5, ਪੂਸਾ ਬਾਸਮਤੀ 1847, ਪੂਸਾ ਬਾਸਮਤੀ 1718 ਅਤੇ ਪੂਸਾ ਬਾਸਮਤੀ 1121 ਕਿਸਮ ਦੀ ਲੁਆਈ ਜੁਲਾਈ ਦੇ ਪਹਿਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ। ਸੀ ਐਸ ਆਰ 30, ਪੂਸਾ ਬਾਸਮਤੀ 1509, ਕਿਸਮ ਦੀ ਪਨੀਰੀ ਪੁੱਟ ਕੇ ਖੇਤ ਵਿੱਚ ਲੁਆਈ ਜੁਲਾਈ ਦੇ ਦੂਸਰੇ ਪੰਦਰਵਾੜੇ ਕਰੋ। ਬਾਸਮਤੀ ਨੂੰ ਝੰਡਾ ਰੋਗ (ਪੈਰ ਗਲਣ) ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐਸ ਨੂੰ 10 ਮਿ.ਲਿ. ਪਾਣੀ ਵਿੱਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ ਜਾਂ ਟਰਾਈਕੋਡਰਮਾ ਐਸਪੇਰੇਲਮ 2% ਡਬਲਯੂ ਪੀ ਪੀ ਏ ਯੂ, ਸਟ੍ਰੇਨ ਫਾਰਮੂਲੇਸ਼ਨ ਨਾਲ 15 ਗ੍ਰਾਮ ਪ੍ਰਤੀ ਕਿਲੋ ਦੇ ਹਿਸਾਬ ਸੋਧੋ ਅਤੇ ਫਿਰ ਪਨੀਰੀ ਨੂੰ ਖੇਤ ਵਿੱਚ ਲਗਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਐਸਪੇਰੇਲਮ 2% ਡਬਲਯੂ ਪੀ ਪੀ ਏ ਯੂ, ਸਟ੍ਰੇਨ ਫਾਰਮੂਲੇਸ਼ਨ 15 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿੱਚ 6 ਘੰਟੇ ਲਈ ਡੋਬ ਕੇ ਸੋਧ ਲਵੋ। 9 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਹਿਲੀ ਅੱਧੀ ਕਿਸ਼ਤ ਪਨੀਰੀ ਲਗਾਉਣ ਦੇ ਤਿੰਨ ਹਫ਼ਤੇ ਬਾਅਦ, ਸੀ ਐਸ ਆਰ 30 ਨੂੰ ਪਾਉ ਅਤੇ 18 ਕਿਲੋ ਯੂਰੀਆ ਦੀ ਪਹਿਲੀ ਕਿਸ਼ਤ ਪੂਸਾ ਬਾਸਮਤੀ 1121, ਪੰਜਾਬ ਬਾਸਮਤੀ 7, ਪੰਜਾਬ ਬਾਸਮਤੀ 5 ਅਤੇ ਪੂਸਾ ਬਾਸਮਤੀ 1718 ਨੂੰ ਅਤੇ 27 ਕਿਲੋ ਯੂਰੀਆ ਪੂਸਾ ਬਾਸਮਤੀ 1847 ਅਤੇ ਪੂਸਾ ਬਾਸਮਤੀ 1509 ਨੂੰ ਪਾਓ। ਜੇਕਰ ਪਹਿਲਾਂ ਸਿਫਾਰਸ਼ ਕੀਤੀ ਫਾਸਫੋਰਸ ਖਾਦ ਕਣਕ ਨੂੰ ਪਾਈ ਗਈ ਹੋਵੇ ਤਾਂ ਬਾਸਮਤੀ ਨੂੰ ਇਸ ਖਾਦ

ਦੀ ਲੋੜ ਨਹੀਂ।

ਨਦੀਨਾਂ ਦੀ ਰੋਕਥਾਮ ਲਈ 60 ਗ੍ਰਾਮ ਪਾਇਰੈਜ਼ੋਸਲਫੂਰੋਨ ਈਥਾਈਲ 10 ਤਾਕਤ ਜਾਂ 1200 ਮਿਲੀਲਿਟਰ ਬੂਟਾਕਲੋਰ 50 ਤਾਕਤ ਜਾਂ 1000-1200 ਮਿਲੀਲਿਟਰ ਪੈਂਡੀਮੈਥਾਲੀਨ 30 ਤਾਕਤ ਜਾਂ 600 ਮਿਲੀਲਿਟਰ ਪਰੈਟੀਲਾਕਲੋਰ 50 ਤਾਕਤ ਜਾਂ 750 ਮਿ.ਲਿ. ਪੇਰਟੀਲਾਕਲੋਰ 37 ਤਾਕਤ ਜਾਂ 500 ਮਿਲੀਲਿਟਰ ਐਨੀਲੋਫੋਸ 30 ਤਾਕਤ ਪ੍ਰਤੀ ਏਕੜ ਦੇ ਹਿਸਾਬ 60 ਕਿਲੋ ਰੇਤ ਵਿੱਚ ਮਿਲਾ ਕੇ ਪਾਓ। ਖੇਤ ਵਿੱਚ ਝੋਨੇ ਦੀ ਪਨੀਰੀ ਲਾਉਣ ਦੇ 2-3 ਦਿਨਾਂ ਦੇ ਅੰਦਰ 4 ਤੋਂ 5 ਸੈਂਟੀਮੀਟਰ ਖੜ੍ਹੇ ਪਾਣੀ ਵਿੱਚ ਇਕਸਾਰ ਨਦੀਨ ਨਾਸ਼ਕ ਦੀ ਵਰਤੋਂ ਕਰੋ। ਚੌੜੇ ਪੱਤਿਆਂ ਦੇ ਨਦੀਨਾਂ ਦੀ ਰੋਕਥਾਮ ਲਈ ਐਲਗਰਿਪ (ਮੈਟਸਲਫੂਰਾਨ) 30 ਗ੍ਰਾਮ ਜਾਂ ਸਨਰਾਈਸ 15 ਤਾਕਤ 50 ਗ੍ਰਾਮ ਜਾਂ ਲੋਡੈਕਸ 60 ਤਾਕਤ 40 ਗ੍ਰਾਮ ਜਾਂ 8 ਗ੍ਰਾਮ ਐਲਮਿਕਸ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਪਾ ਕੇ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ। ਸੁਆਂਕ ਅਤੇ ਮੋਥੇ ਦੀ ਅਸਰਦਾਰ ਰੋਕਥਾਮ ਲਈ 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀਗੋਲਡ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਲੁਆਈ ਤੋਂ 20-25 ਦਿਨਾਂ ਤੇ ਛਿੜਕਾਅ ਕਰੋ। ਜਿਹਨਾਂ ਖੇਤਾਂ ਵਿੱਚ ਚੀਨੀ ਲੈਪਟੋਕਲੋਆ ਘਾਹ ਅਤੇ ਕਣਕੀ ਦੀ ਸਮੱਸਿਆ ਹੋਵੇ, ਉਥੇ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੋਕਸਾਪ੍ਰੌਪ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਝੋਨੇ ਦੀ ਲੁਆਈ ਤੋਂ 20-25 ਦਿਨਾਂ ਤੇ ਛਿੜਕਾਅ ਕਰੋ। ਸਵਾਂਕ, ਝੋਨੇ ਦੇ ਮੋਥੇ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਦੀ ਰੋਕਥਾਮ ਲਈ 500 ਮਿਲੀਲਿਟਰ ਨੋਵੀਕਸਿਡ 3.25 ਓ ਡੀ (ਫਲੋਰਪਾਈਰਾਕਸੀਫ਼ਿਨ 1.31% + ਪਿਨੋਕਸੁਲਮ 2.1%) ਜਾਂ 40 ਗ੍ਰਾਮ ਏਕੇਤਸੂ 43 ਡਬਲਯੂ ਜੀ (ਬਿਸਪਾਇਰੀਬੈਕ 38% + ਕਲੋਰੀਮਿਯੂਰਾਨ 2.5% + ਮੈਟਸਲਫੂਰਾਨ 2.5%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ਅਤੇ ਇਹਨਾਂ ਨਦੀਨਨਾਸ਼ਕਾਂ ਨੂੰ 150 ਲਿਟਰ ਪਾਣੀ ਵਿੱਚ ਪਾ ਕੇ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ। ਛਿੜਕਾਅ ਤੋਂ ਪਹਿਲਾਂ ਖੇਤ ਵਿਚੋਂ ਖੜ੍ਹਾ ਪਾਣੀ ਬਾਹਰ ਕੱਢ ਦਿਓ ਅਤੇ ਛਿੜਕਾਅ ਦੇ ਇੱਕ ਦਿਨ ਬਾਅਦ ਪਾਣੀ ਦਿਓ। ਛਿੜਕਾਅ ਸ਼ਾਂਤ ਅਤੇ ਸਾਫ ਦਿਨ ਕਰਨਾ ਚਾਹੀਦਾ ਹੈ। ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲੁਆਈ ਤੋਂ 3 ਅਤੇ 6 ਹਫ਼ਤੇ ਬਾਅਦ ਪਾਉ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ. 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫ਼ਤੇ ਬਾਅਦ ਪਾਉ।

ਪੀ ਏ ਯੂ, ਪੱਤਾ ਰੰਗ ਚਾਰਟ ਵਿਧੀ ਨਾਲ ਯੂਰੀਆ ਪਾਉਣ ਲਈ ਲੁਆਈ ਤੋਂ ਦੋ ਹਫ਼ਤੇ ਬਾਅਦ ਪੂਰੇ ਖੁੱਲ੍ਹੇ ਨਵੇਂ 10 ਪੱਤਿਆਂ ਦਾ ਰੰਗ ਚਾਰਟ ਨਾਲ ਮਿਲਾਓ। ਜੇਕਰ 6 ਜਾਂ 6 ਤੋਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰ. 4 ਦੇ ਬਰਾਬਰ ਹੈ ਜਾਂ ਗੂੜ੍ਹਾ ਹੈ ਤਾਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ 6 ਜਾਂ ਵੱਧ ਪੱਤਿਆਂ ਦਾ ਰੰਗ 4 ਨੰ. ਟਿੱਕੀ ਤੋਂ ਫਿੱਕਾ ਹੈ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ। ਝੋਨਾ ਨਿਸਰਨ ਤੱਕ 7-10 ਦਿਨਾਂ ਦੇ ਵਕਫ਼ੇ ਤੇ ਪੱਤਾ ਰੰਗ ਚਾਰਟ ਨਾਲ ਝੋਨੇ ਦੇ ਪੱਤਿਆਂ ਦਾ ਰੰਗ ਮਿਲਾਉ ਅਤੇ ਲੋੜ ਪੈਣ ਤੇ ਹੀ ਯੂਰੀਆ ਪਾਉ। ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਵਿੱਚ 43 ਕਿਲੋ ਯੂਰੀਆ ਪ੍ਰਤੀ ਏਕੜ ਕ੍ਰਮਵਾਰ 4, 6 ਅਤੇ 9 ਹਫ਼ਤਿਆਂ ਤੇ ਪਾਉ। ਰੇਤਲੀਆਂ ਜ਼ਮੀਨਾਂ ਵਿੱਚ ਪਾਣੀ ਦੀ ਘਾਟ ਹੋਣ ਕਰਕੇ ਝੋਨੇ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ ਜਿਸ ਕਰਕੇ ਨਵੇਂ ਪੱਤੇ ਪੀਲੇ ਚਿੱਟੇ ਰੰਗ ਦੇ ਹੋ ਜਾਂਦੇ ਹਨ। ਇਸ ਦੀ ਰੋਕਥਾਮ ਲਈ ਇੱਕ ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ 100 ਲਿਟਰ ਪਾਣੀ) 2-3 ਵਾਰ ਹਫ਼ਤੇ-ਹਫ਼ਤੇ ਦੇ ਵਕਫ਼ੇ ਤੇ ਛਿੜਕੋ। ਫੈਰਸ ਸਲਫੇਟ ਨੂੰ ਖੇਤ ਵਿੱਚ ਛਿੱਟਾ ਦੇਣ ਦਾ ਕੋਈ ਫਾਇਦਾ ਨਹੀਂ, ਲੋਹੇ ਦੀ ਘਾਟ ਆਉਣ ਤੇ ਸਿਰਫ਼ ਛਿੜਕਾਅ ਹੀ ਕਰੋ।

ਜੇਕਰ ਝੋਨੇ ਦੇ ਖੇਤਾਂ ਵਿੱਚ ਤਣੇ ਦੇ ਗੜੂੰਏਂ ਕਾਰਨ 5 ਪ੍ਰਤਿਸ਼ਤ ਤੋਂ ਜ਼ਿਆਦਾ ਗੋਭਾਂ ਸੁੱਕੀਆਂ ਹੋਣ ਤਾਂ ਇਨ੍ਹਾਂ ਦੀ ਰੋਕਥਾਮ ਲਈ 20 ਮਿਲੀਲਿਟਰ ਫੇਮ 480 ਐਸ ਸੀ ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 170 ਗ੍ਰਾਮ ਮੋਰਟਰ 75 ਐਸ ਸੀ ਜਾਂ ਇੱਕ ਲਿਟਰ ਕਲੋਰਪਾਈਰੀਫਿਸ 20 ਈ ਸੀ ਜਾਂ 80 ਮਿਲੀਲਿਟਰ ਇਕੋਟਿਨ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋਂ। ਇਕੋਟਿਨ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਓ। ਪੱਤਾ ਲਪੇਟ ਸੁੰਡੀ ਦੇ ਹਮਲੇ ਕਾਰਨ ਬੂਟੇ ਦੇ ਪੱਤਿਆਂ ਤੇ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ। ਜੇਕਰ 10% ਤੋਂ ਵਧੇਰੇ ਹਮਲਾ ਨਜ਼ਰ ਆਵੇ ਤਾਂ ਉੱਪਰ ਦੱਸੇ ਕੀਟਨਾਸ਼ਕਾਂ ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋਂ। ਅਗੇਤੀ ਬੀਜੀ ਗਈ ਫ਼ਸਲ ਤੇ ਝੁਲਸ ਰੋਗ ਹੋ ਸਕਦਾ ਹੈ। ਜੇਕਰ ਇਸਦਾ ਹਮਲਾ ਹੋ ਜਾਵੇ ਤਾਂ ਸਾਰਾ ਬੂਟਾ ਮਰ ਸਕਦਾ ਹੈ। ਇਸ ਦੀ ਰੋਕਥਾਮ ਲਈ ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾ ਕਰੋ।

ਮੱਕੀ

ਮੱਕੀ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ ਹਲਕੀਆਂ ਜ਼ਮੀਨਾਂ ਵਿੱਚ ਐਟਰਾਜ਼ੀਨ 50 ਤਾਕਤ 500 ਗ੍ਰਾਮ ਪ੍ਰਤੀ ਏਕੜ ਅਤੇ ਭਾਰੀਆਂ ਜ਼ਮੀਨਾਂ ਵਿੱਚ 800 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ਜਾਂ ਇਹੀ ਨਦੀਨਨਾਸ਼ਕ 250 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਫ਼ਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿੱਚ ਛਿੜਕਾਅ ਕਰੋ ਅਤੇ ਕਤਾਰਾਂ ਵਿੱਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਅਦ ਗੋਡੀ ਕਰ ਦਿਉ। ਬਿਜਾਈ ਤੋਂ 20 ਦਿਨਾਂ ਬਾਅਦ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐਸ ਸੀ (ਟੈਂਬੋਟਰਾਇਨ) ਦਾ ਛਿੜਕਾਅ 150 ਲਿਟਰ

ਬਾਕੀ ਸਫਾ 10 'ਤੇ

ਨਰਮਾ/ਕਪਾਹ : ਨਰਮੇ-ਕਪਾਹ ਦੀ ਫ਼ਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ। ਇਸ ਲਈ ਬਰਸਾਤ ਦੇ ਮੌਸਮ ਵਿੱਚ ਨਰਮੇ/ਕਪਾਹ ਦੇ ਖੇਤਾਂ ਵਿੱਚੋਂ ਫ਼ਾਲਤੂ ਪਾਣੀ ਬਾਹਰ ਕੱਢ ਦਿਓ। ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖ਼ੁਰਾਕ ਪਾਉ। ਨਾਈਟ੍ਰੋਜਨ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ, ਪੱਤਾ ਰੰਗ ਚਾਰਟ ਦੀ ਵਰਤੋਂ ਕਰੋ। ਫ਼ਸਲ ਦੇ ਵਿਚਕਾਰ ਪਈ ਥਾਂ ਤੋਂ ਨਦੀਨ ਮਾਰਨ ਲਈ ਗਰਾਮੋਕਸੋਨ 24 ਐੱਸ. ਐੱਲ (ਪੈਰਾਕੁਏਟ) ਦਾ 500 ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦਾ ਹਿਸਾਬ 100 ਲਿਟਰ ਪਾਣੀ ਵਿੱਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ ਜਦੋਂ ਫ਼ਸਲ 6-8 ਹਫ਼ਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ। ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋਂ ਜਦੋਂ ਹਵਾ ਨਾ ਵਗਦੀ ਹੋਵੇ। ਇਹ ਵੀ ਖ਼ਿਆਲ ਰੱਖੋ ਕਿ ਨਦੀਨ ਨਾਸ਼ਕ ਫ਼ਸਲ ਦੇ ਪੱਤਿਆਂ ਤੇ ਨਾ ਪਵੇ। ਚਿੱਟੀ ਮੱਖੀ ਲਈ ਨਰਮੇ ਦੀ ਫ਼ਸਲ ਅਤੇ ਇਸ ਦੀਆਂ ਬਦਲਵੀਆਂ ਫ਼ਸਲਾਂ/ਨਦੀਨਾਂ ਤੇ ਲਗਾਤਾਰ ਸਰਵੇਖਣ ਕਰਦੇ ਰਹੋ। ਜਦੋਂ ਇਸ ਦੀ ਗਿਣਤੀ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋ ਜਾਵੇ ਤਾਂ 400 ਮਿਲੀਲਿਟਰ ਸਫੀਨਾ 50 ਡੀ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 200 ਗ੍ਰਾਮ ਪੋਲੋ/ਕਰੇਜ/ਰੁਬੀ/ਲੂਡੋ/ਸ਼ੋਕੂ 50 ਡਬਲਯੂ ਪੀ ਜਾਂ 500 ਮਿਲੀਲਿਟਰ ਲੈਨੋ/ਡੈਂਟਾ 10 ਈ ਸੀ ਜਾਂ 200 ਮਿਲੀਲਿਟਰ ਉਬੇਰਾਨ/ਵੋਲਟੇਜ 22.9 ਐਸ ਸੀ ਜਾਂ 80 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 800 ਮਿਲੀਲਿਟਰ ਫਾਸਮਾਈਟ/ਈ-ਮਾਈਟ/ਵੋਲਥੀਆਨ/ਗੋਲਡ ਮਿਟ 50 ਈ ਸੀ ਜਾਂ 1 ਲਿਟਰ ਨਿੰਬੀਸੀਡੀਨ/ਅਚੂਕ ਜਾਂ 1200 ਮਿਲੀਲਿਟਰ ਪੀ ਏ ਯੂ ਨਿੰਮ ਦਾ ਘੋਲ ਨੂੰ 125-150 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਥਰਿੱਪਸ (ਭੂਰੀ ਜੂੰ) ਦੀ ਰੋਕਥਾਮ ਲਈ 170 ਮਿਲੀਲਿਟਰ ਡੈਲੀਗੇਟ 11.7 ਐਸ ਸੀ ਜਾਂ 500 ਮਿਲੀਲਿਟਰ ਕਿਊਰਾਕਰੋਨ/ਸੈਲਕਰੋਨ 50 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ। ਨਰਮੇ ਦੇ ਲੀਫ਼ ਕਰਲ ਵਾਇਰਸ ਵਾਲੇ ਬੂਟੇ ਪੁੱਟ ਕੇ ਦੱਬ ਦਿਉ। ਕੰਘੀ ਬੂਟੀ ਤੇ ਪੀਲੀ ਬੂਟੀ ਤੋਂ ਖੇਤਾਂ ਦਾ ਆਲਾ-ਦੁਆਲਾ ਮੁਕਤ ਰੱਖੋ। ਪੱਤਿਆਂ ਤੇ ਉੱਲੀਆਂ ਦੇ ਧੱਬਿਆਂ ਦਾ ਹਮਲਾ ਸ਼ੁਰੂ ਹੋਣ ਤੇ 200 ਮਿ.ਲਿ. ਐਮੀਸਟਾਰ ਟੋਪ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 15 ਤੋਂ 20 ਦਿਨਾਂ ਦੇ ਵਕਫ਼ੇ ਬਾਅਦ ਛਿੜਕੋ। ਪਾਣੀ ਲਾਉਣ ਜਾਂ ਮੀਂਹ ਪਿੱਛੋਂ ਬੂਟਿਆਂ ਦੇ ਪੱਤੇ ਲੁੜਕ ਜਾਂਦੇ ਹਨ ਤਾਂ 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਘੋਲ ਦਾ ਛਿੜਕਾਅ ਇਹਨਾਂ ਬੂਟਿਆਂ ਉੱਪਰ ਕਰੋ।

ਆਓ ਖੇਤੀਬਾੜੀ ਸਿਖਲਾਈ ਕੋਰਸ ਦਾ ਲਾਹਾ ਲਈਏ

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਨੌਜਵਾਨਾਂ ਨੂੰ ਸਹੀ ਢੰਗ ਨਾਲ ਖੇਤੀ ਦੀ ਮੁੱਖ ਧਾਰਾ ਵਿੱਚ ਲਿਆਉਣ ਦੀ ਲੋੜ ਨੂੰ ਮਹਿਸੂਸ ਕਰਦਿਆਂ, ਨੌਜਵਾਨ ਕਿਸਾਨਾਂ ਲਈ ਤਿੰਨ ਮਹੀਨੇ ਦਾ ਸਰਵਪੱਖੀ ਫ਼ਸਲ ਉਤਪਾਦਨ ਸਿਖਲਾਈ ਕੋਰਸ ਆਯੋਜਿਤ ਕੀਤਾ ਜਾ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਹੁਣ ਤੱਕ 134 ਸਿਖਲਾਈ ਕੋਰਸ ਪੰਜਾਬ ਦੇ ਨੌਜਵਾਨਾਂ ਲਈ ਲਗਾਏ ਜਾ ਚੁੱਕੇ ਹਨ । ਇਹ ਸਿਖਲਾਈ ਕੋਰਸਾਂ ਦਾ ਲਗਭਗ 5126 ਨੌਜਵਾਨ ਕਿਸਾਨ ਲਾਭ ਉਠਾ ਚੁੱਕੇ ਹਨ। ਕੋਰਸ ਦੀ ਮਿਆਦ 3 ਮਹੀਨੇ ਹੁੰਦੀ ਹੈ ਅਤੇ ਸਾਲ ਵਿੱਚ ਦੋ ਵਾਰੀ ਲਗਾਇਆ ਜਾਂਦਾ ਹੈ। ਪਹਿਲਾ ਕੋਰਸ ਹਰ ਸਾਲ ਜਨਵਰੀ ਤੋਂ ਮਾਰਚ ਮਹੀਨੇ ਤੱਕ ਲੱਗਦਾ ਹੈ ਅਤੇ ਦੂਸਰਾ ਕੋਰਸ ਇਸ ਵਾਰ ਅੱਧ ਜੁਲਾਈ ਤੋਂ ਅੱਧ ਅਕਤੂਬਰ ਮਹੀਨੇ ਤੱਕ ਆਯੋਜਿਤ ਕੀਤਾ ਜਾਵੇਗਾ ।

ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਕਿਸਾਨਾਂ ਨੂੰ ਫ਼ਸਲਾਂ ਦੀ ਸਹੀ ਢੰਗ ਨਾਲ ਖੇਤੀ ਕਰਨ ਅਤੇ ਕੁਸ਼ਲ ਖੇਤੀ ਉਤਪਾਦਨ ਕਰਨ ਲਈ ਲੋੜੀਂਦੇ ਗਿਆਨ ਅਤੇ ਹੁਨਰ ਨਾਲ ਜੋੜਨਾ ਹੈ। ਸਿਖਲਾਈ ਕੋਰਸ ਦਾ ਸਮਾਂ-ਸਾਰਣੀ ਖੇਤੀਬਾੜੀ ਦੇ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਸਾਵਧਾਨੀ ਨਾਲ ਤਿਆਰ ਕੀਤੀ ਜਾਂਦੀ ਹੈ, ਲਿਖਤੀ ਅਤੇ ਵਿਵਹਾਰਕ ਸਿਲਖਾਈ ਨੂੰ ਬਰਾਬਰ ਦੀ ਅਹਿਮੀਅਤ ਦਿੱਤੀ ਜਾਂਦੀ ਹੈ ।

ਸਿਖਲਾਈ ਕੋਰਸ ਦੀ ਰੂਪ ਰੇਖਾ : ਕੋਰਸ ਦੌਰਾਨ ਖੇਤੀਬਾੜੀ ਪ੍ਰਤੀ ਵਿਗਿਆਨਿਕ ਰੁੱਚੀ ਪੈਦਾ ਕਰਨ 'ਤੇ ਜ਼ੋਰ ਦਿੱਤਾ ਜਾਂਦਾ ਹੈ । ਕੋਰਸ ਵਿੱਚ ਫ਼ਸਲਾਂ ਦੀ ਕਾਸ਼ਤ, ਮਿੱਟੀ ਦੀ ਪਰਖ, ਉਪਜਾਊ ਸ਼ਕਤੀ ਅਤੇ ਪੌਸ਼ਟਿਕ ਤੱਤਾਂ ਦੇ ਪ੍ਰਬੰਧਨ, ਰੋਗ ਪ੍ਰਬੰਧਨ ਅਤੇ ਕੀਟ ਪ੍ਰਬੰਧਨ, ਸਿੰਚਾਈ ਦੀਆਂ ਸਹੀ ਤਕਨੀਕਾਂ ਅਤੇ ਖੇਤੀ ਦੇ ਹੋਰ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਵੱਖ-ਵੱਖ ਖੋਜ ਆਧਾਰਿਤ ਬਿਜਾਈ ਅਤੇ ਟ੍ਰਾਂਸਪਲਾਂਟਿੰਗ ਤਕਨੀਕਾਂ, ਨਰਸਰੀ ਉਗਾਉਣ, ਸਬਜ਼ੀਆਂ ਦੀ ਕਾਸ਼ਤ, ਹਾਈਬ੍ਰਿਡ ਬੀਜ ਉਤਪਾਦਨ, ਖੁਸ਼ਬੂਦਾਰ ਅਤੇ ਦਵਾਈਆਂ ਵਾਲੇ ਬੂਟਿਆਂ ਦੀ ਕਾਸ਼ਤ ਅਤੇ ਡਰੈਗਨ ਫਰੂਟ ਵਰਗੇ ਵਿਦੇਸ਼ੀ ਫਲਾਂ ਦੀ ਕਾਸ਼ਤ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ। ਇਸ ਵਿੱਚ ਕੁਦਰਤੀ ਸਰੋਤਾਂ ਦੀ ਸੰਭਾਲ, ਫ਼ਸਲੀ ਰਹਿੰਦ-ਖੂੰਹਦ ਦੀ ਸੰਭਾਲ, ਵਾਢੀ ਤੋਂ ਬਾਅਦ ਪ੍ਰਬੰਧਨ ਖੇਤੀ ਉਪਜ ਦੀ ਸੰਭਾਲ ਅਤੇ ਖੇਤੀ ਵਿੱਚ ਖਰਚਿਆਂ ਦਾ ਸਹੀ ਰਿਕਾਰਡ ਰੱਖਣਾ ਵੀ ਸ਼ਾਮਲ ਹੈ ।

ਖੁੰਬਾਂ ਦੀ ਕਾਸ਼ਤ, ਮਧੂ-ਮੱਖੀ ਪਾਲਣ, ਡੇਅਰੀ, ਪੋਲਟਰੀ ਅਤੇ ਸੂਰ ਪਾਲਣ ਵਰਗੇ ਸਹਾਇਕ ਧੰਦੇ ਸ਼ੁਰੂ ਕਰਨ ਬਾਰੇ ਵੀ ਸਿਖਲਾਈ ਦਿੱਤੀ ਜਾਂਦੀ ਹੈ। ਹਰ ਬੈਚ ਵਿੱਚ ਲਗਭਗ 30-40 ਸਿਖਿਆਰਥੀ ਹੁੰਦੇ ਹਨ । ਹਰ ਕੋਰਸ ਦੇ ਆਰੰਭ ਵਿੱਚ ਸਿਖਿਆਰਥੀਆਂ ਦਾ ਖੇਤੀਬਾੜੀ ਬਾਰੇ ਗਿਆਨ ਦਾ ਪੱਧਰ ਦੇਖਿਆ ਜਾਂਦਾ ਹੈ ਅਤੇ ਜਿਹੜੇ ਵਿਦਿਆਰਥੀਆਂ ਦੀ ਹਾਜ਼ਰੀ 75 ਪ੍ਰਤੀਸ਼ਤ ਪੂਰੀ ਹੁੰਦੀ ਹੈ, ਕੋਰਸ ਦੇ ਅੰਤ ਵਿੱਚ ਉਨ੍ਹਾਂ ਦਾ ਇਮਤਿਹਾਨ ਲਿਆ ਜਾਂਦਾ ਹੈ। ਉਹਨਾਂ ਦੀ ਖੇਤੀ ਪ੍ਰਤੀ ਜਾਣਕਾਰੀ ਵਿੱਚ ਕਿੰਨਾ ਕੁ ਵਾਧਾ ਹੋਇਆ, ਇਹ ਵੀ ਜਾਣਿਆ ਜਾਂਦਾ ਹੈ ਤਾਂ ਕਿ ਕੋਰਸ ਵਿੱਚ ਜੇਕਰ ਕੋਈ ਵੀ ਤਰੁੱਟੀ ਰਹੀ ਹੋਵੇ ਤਾਂ ਉਸ ਵਿੱਚ ਅੱਗੇ ਤੋਂ ਲੋੜੀਂਦਾ ਸੁਧਾਰ ਕੀਤਾ ਜਾ ਸਕੇ। ਉਹਨਾਂ ਵਿਦਿਆਰਥੀਆਂ ਨੂੰ ਹੀ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ ਜੋ ਇਮਤਿਹਾਨ ਵਿੱਚ ਪਾਸ

ਹੋਏ ਹੋਣ । ਸਿੱਖਿਅਤ ਨੌਜਵਾਨਾਂ ਨੂੰ ਪੀ. ਏ. ਯੂ. ਕਿਸਾਨ ਕਲੱਬ ਦੀ ਮੈਂਬਰਸ਼ਿਪ ਲਈ ਪ੍ਰੇਰਿਤ ਕਰਕੇ ਯੂਨੀਵਰਸਿਟੀ ਨਾਲ ਜੋੜਨ ਦੇ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਯੂਨੀਵਰਸਿਟੀ ਦੀਆਂ ਪ੍ਰਕਾਸ਼ਨਾਵਾਂ ਜਿਵੇਂ ਕਿ ਚੰਗੀ ਖੇਤੀ/ਪ੍ਰੋਗ੍ਰੈਸਿਵ ਫਾਰਮਿੰਗ ਦੇ ਵੀ ਮੈਂਬਰ ਬਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਕੋਰਸ ਵਿੱਚ 20 ਤੋਂ 40 ਸਾਲ ਉਮਰ ਦੇ ਦਸਵੀਂ ਪਾਸ ਪੰਜਾਬ ਦੇ ਨੌਜਵਾਨ ਕਿਸਾਨ ਦਾਖਲਾ ਲੈ ਸਕਦੇ ਹਨ ।

ਦਾਖਲੇ ਲਈ ਜਾਣਕਾਰੀ : ਦਾਖਲਾ ਲੈਣ ਦੇ ਚਾਹਵਾਨ ਸਕਿੱਲ ਡਿਵੈਲਪਮੈਂਟ ਸੈਂਟਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨਾਲ ਸੰਪਰਕ ਕਰ ਸਕਦੇ ਹਨ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਵੈਬਸਾਈਟ (www.pau.edu) 'ਤੇ ਦਿੱਤੇ ਲਿੰਕ 'ਤੇ ਆਨਲਾਈਨ ਅਪਲਾਈ ਕਰ ਸਕਦੇ ਹਨ । ਜਿਹਨਾਂ ਉਮੀਦਵਾਰਾਂ ਨੇ ਆਪਣੀ ਅਰਜ਼ੀ ਦਰਜ ਕਰਵਾ ਦਿੱਤੀ ਹੋਵੇਗੀ ਅਸੀਂ ਉਹਨਾਂ ਉਮੀਦਵਾਰਾਂ ਦਾ ਵਾਟਸਐਪ ਗਰੁੱਪ ਬਣਾ ਕੇ ਇੰਟਰਵਿਊ ਲਈ ਜਾਣਕਾਰੀ ਦਿੱਤੀ ਜਾਂਦੀ ਹੈ। ਇੰਟਰਵਿਊ ਵਾਲੇ ਦਿਨ ਉਮੀਦਵਾਰਾਂ ਨੂੰ ਦਸਵੀਂ ਪਾਸ ਜਾਂ ਇਸ ਤੋਂ ਅਗਲੇਰੀ ਵਿੱਦਿਆ ਦੇ ਸਰਟੀਫਿਕੇਟ ਅਤੇ ਉਮਰ ਦੇ ਸਬੂਤ ਦਾ ਸਰਟੀਫਿਕੇਟ ਨਾਲ ਲੈ ਕੇ ਲਿਆਉਣ ਲਈ ਸੂਚਿਤ ਕੀਤਾ ਜਾਂਦਾ ਹੈ। ਚੁਣੇ ਜਾਣ ਵਾਲੇ ਸਿਖਿਆਰਥੀ ਤੋਂ 1000/- ਰੁਪਏ ਬਤੌਰ ਸਕਿਉਰਿਟੀ ਲਈ ਜਾਂਦੀ ਹੈ ਜੋ ਕਿ ਸਫ਼ਲਤਾ ਪੂਰਵਕ ਕੋਰਸ ਪੂਰਾ ਕਰਨ ਵਾਲੇ ਸਿਖਿਆਰਥੀ ਨੂੰ ਹੀ ਵਾਪਿਸ ਦਿੱਤੀ ਜਾਂਦੀ ਹੈ । ਇਸ ਤੋਂ ਇਲਾਵਾ ਕੋਰਸ ਦੀ ਫੀਸ 1000/- (GST ਵੱਖਰਾ) ਰੁਪਏ ਹੈ ਅਤੇ ਰਿਹਾਇਸ਼ ਦੀ 300/- (GST ਵੱਖਰਾ) ਰੁਪਏ ਪ੍ਰਤੀ ਮਹੀਨਾ ਫੀਸ ਲਈ ਜਾਂਦੀ ਹੈ। ਚਾਹਵਾਨ ਸਿਖਿਆਰਥੀ 10 ਜੁਲਾਈ 2026 ਤੱਕ ਅਪਲਾਈ ਕਰ ਸਕਦੇ ਹਨ ਅਤੇ ਇੰਟਰਵਿਊ 14 ਜੁਲਾਈ 2026 ਨੂੰ ਹੋਵੇਗੀ। ਵਧੇਰੇ ਜਾਣਕਾਰੀ ਲਈ 97797-00905, 94170-16207 ਜਾਂ 94171-09781 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਰੁਪਿੰਦਰ ਕੌਰ ਅਤੇ ਕੁਲਵੀਰ ਕੌਰ,
ਸਕਿੱਲ ਡਿਵੈਲਪਮੈਂਟ ਸੈਂਟਰ, ਪੀ. ਏ. ਯੂ.,
ਲੁਧਿਆਣਾ (ਮੋ. 97797-00905)

ਕੀ ਧਰਤੀ 'ਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ?

ਵਿਜੈ ਬੰਬੇਲੀ
(ਮੋ. 94634-39075)

ਕੀ ਧਰਤੀ 'ਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ ? ਇਹ ਹੈ ਉਹ ਸਵਾਲ, ਜਿਹੜਾ ਇਸ ਵਕਤ ਫ਼ਿਜ਼ਾ ਵਿੱਚ ਘੁੰਮ ਰਿਹਾ ਹੈ । ਇਹ ਸਵਾਲ ਇਸ ਕਰਕੇ ਉੱਠਿਆ ਕਿ ਹਰ ਵਰ੍ਹੇ ਵਧਦੀ ਆਲਮੀ ਤਪਸ਼ ਜਿਹੜੀ ਸਾਵੇਂ ਮੌਸਮਾਂ ਤੇਪਾਣੀ ਦੀ ਧੜਵੈਲ ਦੁਸ਼ਮਣ ਹੈ, ਬੀਤੇ ਵਰ੍ਹਿਆਂ ਤੋਂ ਉੱਗਰ ਰੂਪ ਧਾਰ ਰਹੀ ਹੈ। 'ਵਿਸ਼ਵ ਮੌਸਮ ਸੰਗਠਨ' ਵਲੋਂ ਬੀਤੀਆਂ 10 ਸਦੀਆਂ ਦੇ ਤੁਲਨਾਤਮਕ ਅਧਿਐਨ ਉਪਰੰਤ ਚਿਤਾਵਨੀ ਦਿੱਤੀ ਗਈ ਸੀ, 'ਗਰਮ ਹੋ ਰਹੀ ਧਰਤੀ ਖ਼ਤਰਨਾਕ ਨਤੀਜੇ ਵੱਲ ਵਧ ਰਹੀ ਹੈ । ਤਾਪਮਾਨ ਵਿੱਚ ਵਾਧੇ ਦੇ ਇਸ ਸਿਲਸਿਲੇ ਨੇ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜ਼ਿਆਦਾ ਜ਼ੋਰ ਫੜਿਆ ਹੈ। ਉਦੋਂ ਤੋਂ ਜਦੋਂ ਤੋਂ ਕੁਦਰਤ ਨੂੰ ਮਿੱਧ ਕੇ ਬੇਲਗਾਮ ਉਦਯੋਗਿਕ ਸਰਗਰਮੀਆਂ ਤੇ ਅਖੌਤੀ ਵਿਕਾਸ ਦਾ ਦੌਰ ਸ਼ੁਰੂ ਹੋਇਆ ।' ਦਰ-ਹਕੀਕਤ ਦੁਨੀਆ ਨੂੰ ਦਰਪੇਸ਼ ਵੱਡੇ ਖ਼ਤਰਿਆਂ ਵਿੱਚੋਂ ਇਕ ਵੱਡਾ ਖ਼ਤਰਾ ਹੈ ਆਲਮੀ-ਤਪਸ਼ ਭਾਵ ਗਲੋਬਲ ਵਾਰਮਿੰਗ ।

ਸਾਡੇ ਗ੍ਰਹਿ ਤੋਂ ਬਿਨਾਂ ਸੌਰ-ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਢੇ ਹਨ ਜਾਂ ਬਹੁਤ ਗਰਮ । ਸਿੱਟੇ ਵਜੋਂ ਧਰਤੀ ਤੋਂ ਇਲਾਵਾ ਹੋਰ ਕਿਸੇ ਗ੍ਰਹਿ 'ਤੇ ਜ਼ਿੰਦਗੀ ਨਹੀਂ ਵਿਗਸਦੀ, ਰੁੱਖ ਨਹੀਂ ਮੌਲਦੇ। ਜ਼ਿੰਦਗੀ ਵਿਗਸਣ, ਧੜਕਣ ਤੇ ਮੌਲਣ ਦੀ ਅਸਲ ਵਜ੍ਹਾ ਹੀ ਸਵੱਲੀ ਕੁਦਰਤ, ਜਲ-ਸੋਮੇ ਤੇ ਸਾਵਾਂ ਤਾਪਮਾਨ ਹਨ । ਪਰ ਹੁਣ ਇਹ ਆਪੇ ਸਹੇੜੀ ਆਲਮੀ-ਤਪਸ਼ ਨਾਲ ਗੜਬੜਾ ਰਹੇ ਹਨ। ਵਿਗਿਆਨੀਆਂ ਨੇ ਜੋ ਕਾਰਨ ਲੱਭੇ ਹਨ, ਉਨ੍ਹਾਂ ਵਿੱਚ ਸਭ ਤੋਂ ਵੱਡਾ ਕਾਰਨ ਵਾਤਾਵਰਨ ਵਿੱਚ ਕਾਰਬਨ ਡਾਇਆਕਸਾਈਡ ਤੇ ਦੂਜੀਆਂ ਗ੍ਰੀਨ ਹਾਊਸ ਗੈਸਾਂ ਦੀ ਵਧਦੀ ਮਾਤਰਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਜ਼ਹਿਰੀਲੀਆ ਗੈਸਾਂ ਦਾ ਰਿਸਾਅ ਵਧਿਆ ਹੈ। ਗੈਰ-ਰਵਾਇਤੀ ਘਣੀ ਖੇਤੀ ਨੇ ਵੀ ਇਸ ਵਿੱਚ ਵੱਡਾ ਵਾਧਾ ਕੀਤਾ ਹੈ। ਗੈਰ-ਜ਼ਰੂਰੀ ਪਟਰੋਲਿੰਗ ਹੋ ਰਹੀ ਹੈ, ਜਿਹੜੀ ਘਾਤਕ ਮਿਥੇਨ ਗੈਸ ਦੀ ਮੁੱਖ ਸਿਰਜਕ ਹੈ। ਉਦਯੋਗ ਕੋਲਾ, ਪੈਟਰੋਕੈਮੀਕਲ ਤੇ ਕੁਦਰਤੀ ਗੈਸਾਂ ਜਿਹੇ ਹਾਈਡਰੋਕਾਰਬਨ ਬਾਲਣ 'ਤੇ ਨਿਰਭਰ ਹੋ ਕੇ ਰਹਿ ਗਏ ਹਨ। ਰਾਕਟਾਂ ਤੇ ਆਤਸ਼ੀ-ਹਥਿਆਰਾਂ ਨੇ ਚੌਗਿਰਦੇ ਦੇ ਗੰਧਲੇਪਨ ਨੂੰ ਜਰਬਾਂ ਦੇ ਦਿੱਤੀਆਂ ਹਨ। ਪਿਛਲੀ ਡੇਢ ਸਦੀ ਵਿੱਚ ਤਾਪਮਾਨ ਵਿੱਚ 1.08 ਤੋਂ 1.76 ਡਿਗਰੀ ਫਾਰਨਹੀਟ ਦਾ ਵਾਧਾ ਹੋ ਗਿਆ ਹੈ।

ਗੱਲ ਕੀ, ਧਰਤੀ ਦੇ ਹਰੇ-ਭਰੇ ਪਿੰਡੇ ਨੂੰ ਜ਼ਹਿਰੀਲੇ ਧੂਏਂ ਵਿੱਚ ਲਿਪਟੇ

ਗਰਮ ਗ੍ਰਹਿ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ, ਜਿਹੜਾ ਅਣਮਿੱਟਵੇਂ ਜਲ ਸੰਕਟ, ਅੰਨ ਸੰਕਟ, ਨਵੇਂ-ਨਿਵੇਕਲੇ ਰੋਗਾਂ ਸਮੇਤ ਅਣਕਿਆਸੀਆਂ ਸਮਾਜਿਕ ਤੇ ਰਾਜਨੀਤਕ ਉਥਲ-ਪੁਥਲਾਂ ਦਾ ਵੀ ਕਾਰਨ ਬਣੇਗਾ। ਇਸ ਬੇਲਗਾਮ ਤਪਸ਼ ਦਾ ਕਾਰਨ, ਕੋਈ ਇਕ-ਅੱਧ ਵਜ੍ਹਾ ਨਹੀਂ ਹੈ। ਏਅਰ ਕੰਡੀਸ਼ਨਰ, ਰੈਫਰੀਜੇਟਰ, ਫੋਮ ਤੇ ਹਾਰ-ਸ਼ਿੰਗਾਰ ਉਦਯੋਗਾਂ ਤੋਂ ਨਿਕਲਣ ਵਾਲੀਆਂ ਮਾਰੂ ਗੈਸਾਂ ਲੋਕਾਂ ਦੇ ਸਿਰ ਮੜ੍ਹ ਦਿੱਤੀ ਗਈ ਰਸਾਇਣਕ ਖੇਤੀ, ਵਾਹਨਾਂ ਦਾ ਧੂੰਆਂ, ਰਹਿੰਦ-ਖੂੰਹਦ ਤੇ ਜੰਗਲਾਂ ਨੂੰ ਅੱਗ, ਸ਼ੋਰ-ਪ੍ਰਦੂਸ਼ਣ, ਬੇਪ੍ਰਵਾਹ ਉਦਯੋਗਿਕ ਤੇ ਰਸਾਇਣਕ ਸਰਗਰਮੀਆਂ, ਪ੍ਰਮਾਣੂ ਤੇ ਪੁਲਾੜ ਖੋਜਾਂ, ਪੈਟਰੋ-ਕੈਮੀਕਲਜ਼ ਦੀ ਅੰਨ੍ਹੇਵਾਹ ਵਰਤੋਂ ਤੇ ਮਾਰੂ ਹਥਿਆਰਾਂ ਦਾ ਚਲਣ ਆਦਿ ਇਸ ਦੇ ਸਿਰਜਕ ਹਨ। ਜਲਵਾਯੂ ਦੇ ਬਦਲਦੇ ਮਿਜ਼ਾਜ 'ਤੇ ਕੀਤੇ ਇਕ ਅਧਿਐਨ ਮੁਤਾਬਿਕ, ਵਾਤਾਵਰਨ ਤਬਦੀਲੀ ਨਾਲ ਮੁਲਕਾਂ ਦੀ ਸੁਰੱਖਿਆ ਲਈ ਵੀ ਗੰਭੀਰ ਖਤਰੇ ਖੜ੍ਹੇ ਹੋ ਜਾਣਗੇ, ਕਿਉਂਕਿ ਸਮੁੰਦਰ ਤੱਲ ਦੇ ਉੱਪਰ ਉਠਣ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਜਲ-ਵਹਿਣਾਂ ਅਤੇ ਵਿਸ਼ਵੀ-ਹੱਦਬੰਦੀ ਵਿਚ ਬਦਲਾਅ ਦੀ ਸੰਭਾਵਨਾ ਪੈਦਾ ਹੋ ਰਹੀ ਹੈ।

ਕੀ ਹੋਵੇਗਾ ਫਿਰ ? ਮਹਿਜ ਦੋ ਕੁ ਡਿਗਰੀ ਦਾ ਵਾਧਾ ਵੀ ਤਿੱਖੇ ਤੇ ਅਣਕਿਆਸੇ ਜਲਵਾਯੂ ਬਦਲਾਅ ਦਾ ਕਾਰਨ ਬਣੇਗਾ, ਜਿਹੜਾ ਪਹਿਲਾਂ ਭਾਰੀ ਹੜ੍ਹ, ਸੋਕਾ ਤੇ ਸਮੁੰਦਰੀ ਹਲਚਲਾਂ ਉਪਰੰਤ ਕਈ ਤਟਵਰਤੀ ਸਥਾਨਾਂ ਅਤੇ ਨੀਵੇਂ ਦੇਸ਼ਾਂ ਨੂੰ ਨਿਗਲ ਲਵੇਗਾ । ਇਹ ਗਲੇਸ਼ੀਅਰ ਹੀ ਹਨ, ਜਿਨ੍ਹਾਂ ਵਿੱਚੋਂ ਪਾਣੀ ਰਿਸ-ਰਿਸ ਕੇ ਦਰਿਆ-ਨਦੀਆਂ ਹੋਂਦ ਵਿੱਚ ਆਈਆਂ, ਜਿਨ੍ਹਾਂ ਨੇ ਸਾਨੂੰ ਉਪਜਾਊ ਖਿੱਤੇ ਬਖ਼ਸ਼ੇ । ਪਰ ਜੇ ਤਾਪਮਾਨ ਵਧਣ ਦੀ ਰਫ਼ਤਾਰ ਇਹੋ ਰਹੀ ਤਾਂ ਅੱਧੀ ਸਦੀ ਤੱਕ ਇਨ੍ਹਾਂ ਦਾ ਵਜੂਦ ਖ਼ਤਮ ਹੋ ਜਾਵੇਗਾ। ਇੰਟਰਨੈਸ਼ਨਲ ਕਮਿਸ਼ਨ ਫਾਰ ਸਨੋਅ ਐਂਡ ਆਈਸ ਅਨੁਸਾਰ ਜੇ ਧਰਤੀ ਦਾ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਇਹ ਡਾਟਾ ਜਲਦੀ ਵੀ ਵਾਪਰ ਸਕਦਾ ਹੈ । ਵਰਕਿੰਗ ਗਰੁੱਪ ਆਫ ਹਿਮਾਲਿਆ ਗਲੇਸ਼ੀਆਲੋਜੀ ਮੁਤਾਬਿਕ ਮੌਜੂਦਾ 5 ਲੱਖ ਵਰਗ ਕਿਲੋਮੀਟਰ ਦਾ ਹਿਮ-ਖੇਤਰ ਸੁੰਗੜ ਕੇ ਬਹੁਤ ਛੇਤੀ ਇਕ ਲੱਖ ਵਰਗ ਕਿ.ਮੀ. ਰਹਿ ਜਾਵੇਗਾ। ਇਸੇ ਤਪਸ਼ ਕਾਰਨ ਸਾਈਬੇਰੀਆ ਦੇ ਕਰੀਬ ਅੱਧਾ ਸੈਂਕੜਾ ਗਲੇਸ਼ੀਅਰ ਪਿਘਲਣ ਨਾਲ ਉੱਥੇ 2.4 ਤੋਂ 5.6 ਰੈਕਟਰ ਦੇ ਭੂਚਾਲ ਦੇ ਝਟਕੇ ਨੋਟ ਕੀਤੇ ਗਏ ਤੇ ਉੱਥੋਂ ਦੀ ਸ਼ੀਤ ਠੰਢ ਵੀ ਨਿੱਘ ਵਿੱਚ ਬਦਲ ਰਹੀ ਹੈ । ਦਰ-ਹਕੀਕਤ, ਆਲਮੀ ਤਪਸ਼ ਦਾ ਮੁੱਖ ਜ਼ਿੰਮੇਵਾਰ ਉਹ ਧੜਵੈਲ ਧਨ-ਕੁਬੇਰ ਤੇ ਹਾਕਮ-ਜਮਾਤਾਂ ਹਨ, ਜਿਨ੍ਹਾਂ ਨੇ ਵਿਕਾਸ ਤੇ ਮਨੁੱਖੀ ਸਹੂਲਤਾਂ ਦਾ ਮਖੌਟਾ ਪਹਿਨਿਆ ਹੋਇਆ ਹੈ। ਅਖੌਤੀ ਵਿਕਾਸ ਕੁਦਰਤ, ਮਨੁੱਖੀ ਕਦਰਾਂ-ਕੀਮਤਾਂ ਤੇ ਸੰਸਾਰ ਭਾਈਚਾਰੇ ਨੂੰ ਟਿੱਚ ਜਾਣਦਾ ਹੈ। ਬੰਦਾ ਤਦ ਹੀ ਬਚੇਗਾ ਜੇ ਸਭ ਅਲਾਮਤਾਂ ਸਮੇਤ ਆਲਮੀ ਤਪਸ਼ ਦੀਆਂ ਜ਼ਿੰਮੇਵਾਰ ਮਨੁੱਖੀ ਆਪ-ਹੁਦਰੀਆਂ ਨੂੰ ਅਲਵਿਦਾ ਆਖੀ ਜਾਵੇ। ਇਸ ਲਈ ਸਾਨੂੰ ਉਸ ਨਿਜ਼ਾਮ ਜਿਸ ਨੇ ਮਨੁੱਖ ਨੂੰ ਬਾਜ਼ਾਰ ਦੀ ਚਕਾਚੌਂਧ ਵਿੱਚ ਉਲਝਾ ਲਿਆ ਹੈ, ਨੂੰ ਵੀ ਨਕਾਰਨਾ ਪਵੇਗਾ, ਜਿਹੜਾ ਭਾਈਚਾਰਕ ਤੇ ਕੁਦਰਤੀ ਸਹਿਹੋਂਦ ਦੀ ਬਜਾਏ ਮੁਨਾਫ਼ਿਆਂ ਤੇ ਤਖ਼ਤਾਂ ਮਗਰ ਹਾਫਲਿਆ ਫਿਰਦਾ ਹੈ। ਨਫ਼ੇ, ਦੌਲਤ ਤੇ ਹੋਰ ਦੌਲਤ ਹਥਿਆਉਣ ਲਈ, ਫਿਰ ਦੂਜਿਆਂ 'ਤੇ ਇਸੇ ਦੌਲਤ ਨਾਲ ਸੱਤਾ ਕਾਇਮ ਕਰਨ ਦੀ ਭੁੱਖ ਅਕਸਰ ਸਰਬਤ ਦੇ ਭਲੇ ਵਾਲੀਆਂ ਸਪੱਸ਼ਟ ਧਾਰਨਾਵਾਂ ਨੂੰ ਧੁੰਦਲਾਅ ਦਿੰਦੀ ਹੈ। ਵਧਦੀ ਆਬਾਦੀ ਦੀਆਂ ਜ਼ਰੂਰਤਾਂ ਤੇ ਭੌਤਿਕ ਸਹੂਲਤਾਂ ਪੈਦਾ ਕਰਨ ਦੇ ਬਹਾਨੇ ਭਾਰੀ ਮੁਨਾਫ਼ਿਆਂ ਦੀ ਕਾਰਪੋਰੇਟੀ-ਪ੍ਰਵਿਰਤੀ ਵਲੋਂ ਕੁਦਰਤੀ ਸ਼ਰਤਾਂ 'ਤੇ ਕੀਤੇ ਤਾਬੜ ਤੋੜ ਹੱਲਿਆਂ, ਬੇਕਿਰਕ ਮਾਈਨਿੰਗ ਨੇ ਜਲ ਪੱਧਰ ਨੂੰ ਲਗਾਤਾਰ ਥੱਲੇ ਲਾਉਣ ਸਮੇਤ ਧਰਤੀ ਨੂੰ ਜਿਵੇਂ ਅੰਦਰੋਂ-ਅੰਦਰ ਖੋਖਲਾ ਕਰ ਦਿੱਤਾ ਹੈ, ਦੇ ਮਾਰੂ-ਸਿੱਟੇ ਕੁਝ ਸਾਲਾਂ ਵਿੱਚ ਹੀ ਸਾਹਮਣੇ ਆ ਜਾਣਗੇ ।

ਜੇ ਬਰਸਾਤ ਜਿਸ ਬਾਰੇ ਪਤਾ ਨਹੀਂ ਕਿ ਕਿੰਨੀ ਕੁ ਪੈਣੀ ਹੈ ਜਾਂ ਨਹੀਂ, ਨੂੰ ਸ਼ਾਮਿਲ ਨਾ ਕੀਤਾ ਜਾਵੇ ਤਦ ਹੀ ਖ਼ੁਦ-ਸਹੇੜੀ ਆਲਮੀ ਤਪਸ਼ ਕਾਰਨ ਬਹੁ-ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ਼ ਦੋ ਰੁੱਤਾਂ ਅਰਥਾਤ ਗਰਮੀ ਤੇ ਸਰਦੀ ਵਾਲਾ ਖਿੱਤਾ ਬਣ ਜਾਵੇਗਾ। ਬਹੁ-ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ ਵਿੱਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ-ਸੁਵੰਨਤਾ ਤੋਂ ਦੋ ਜਾਂ ਤਿੰਨ ਵਿੱਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ, ਪੰਖੇਰੂਆਂ-ਜਨੌਰਾਂ ਦੀ ਵੰਨਗੀ ਥਿਆਵੇਗੀ ਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ । ਬੰਦਾ, ਦੋ ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ-ਹੰਢਾਉਣ ਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ । ਬਹੁ-ਭਾਂਤੀ ਬਨਸਪਤੀ ਤੇ ਜੀਵਾਂ ਦੇ ਖ਼ਾਤਮੇ ਦੀ ਤਾਂ ਗੱਲ ਛੱਡੋ, ਸਾਨੂੰ ਫ਼ਸਲੀ ਪ੍ਰਣਾਲੀ, ਘਰ-ਚਾਰਿਆਂ, ਕੱਪੜੇ-ਲੱਤੇ, ਰਹਿਣ-ਸਹਿਣ, ਪਹਿਨਣ-ਪਚਰਨ, ਜੀ-ਪ੍ਰਚਾਵਿਆਂ ਵਿੱਚ ਤਿੱਖੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ। ਇਸ ਤੋਂ ਪਹਿਲਾਂ ਕਿ ਕੁਦਰਤ ਸਾਨੂੰ ਆਪਣਾ ਵਿਰਾਟ ਰੂਪ ਵਿਖਾਵੇ, ਆਓ ਆਪਾਂ ਸੰਭਲ ਜਾਈਏ ।

ਪ੍ਰੋ. ਜਗਰੂਪ ਕੌਰ
ਮੋ. 70095-29882

ਪੰਜਾਬ ਦੇ ਮਿੱਟੀ, ਪਾਣੀ ਅਤੇ ਖ਼ੁਰਾਕ ਦੀ ਸੰਭਾਲ

ਜੇਕਰ ਅਸੀਂ ਅੱਜ ਆਪਣੀ ਮਿੱਟੀ, ਪਾਣੀ ਅਤੇ ਖ਼ੁਰਾਕ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਕੋਲ ਸਿਰਫ਼ ਬੰਜਰ ਜ਼ਮੀਨ ਅਤੇ ਬਿਮਾਰੀਆਂ ਹੀ ਵਿਰਾਸਤ ਵਿੱਚ ਬਚਣਗੀਆਂ। ਜੈਵਿਕ ਖੇਤੀ ਵੱਲ ਮੋੜਾ ਕੱਟਣਾ ਪੰਜਾਬ ਦੀ ਹੋਂਦ ਅਤੇ ਭਵਿੱਖੀ ਖ਼ੁਸ਼ਹਾਲੀ ਨੂੰ ਬਚਾਉਣ ਲਈ ਚੁੱਕਿਆ ਗਿਆ ਇੱਕ ਜ਼ਰੂਰੀ ਇਤਿਹਾਸਕ ਕਦਮ ਹੋਵੇਗਾ।

ਗੁਰਬਾਣੀ ਦਾ ਮਹਾਨ ਸੰਦੇਸ਼ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਸਾਨੂੰ ਕੁਦਰਤ ਪ੍ਰਤੀ ਸਤਿਕਾਰ ਅਤੇ ਸਾਂਝ ਦਾ ਮਾਰਗ ਦਿਖਾਉਂਦਾ ਹੈ, ਪਰ ਅੱਜ ਦੇ ਪੰਜਾਬ ਦੀ ਤਸਵੀਰ ਇਸ ਫਲਸਫੇ ਤੋਂ ਕੋਹਾਂ ਦੂਰ ਜਾ ਚੁੱਕੀ ਹੈ। ਖੇਤੀ ਪ੍ਰਧਾਨ ਸੂਬਾ ਹੋਣ ਦੇ ਨਾਤੇ ਪੰਜਾਬ ਦੀ ਲਗਭਗ 60 ਫ਼ੀਸਦੀ ਤੋਂ ਵੱਧ ਆਬਾਦੀ ਸਿੱਧੇ ਜਾਂ

ਅਸਿੱਧੇ ਤੌਰ 'ਤੇ ਖੇਤੀਬਾੜੀ ਉੱਤੇ ਨਿਰਭਰ ਹੈ। ਇਸ ਲਈ ਇੱਥੇ ਕਿਸਾਨੀ ਦਾ ਸੰਕਟ ਸਿਰਫ਼ ਇੱਕ ਵਰਗ ਦਾ ਸੰਕਟ ਨਹੀਂ, ਸਗੋਂ ਹਰ ਉਸ ਥਾਲੀ ਦਾ ਸੰਕਟ ਹੈ ਜਿਸ ਤੱਕ ਕਿਸਾਨ ਦੀ ਮਿਹਨਤ ਸਦਕਾ ਅੰਨ ਪਹੁੰਚਦਾ ਹੈ। 1960ਵਿਆਂ ਦੀ ਹਰੀ ਕ੍ਰਾਂਤੀ ਨੇ ਬੇਸ਼ੱਕ ਦੇਸ਼ ਦਾ ਢਿੱਡ ਭਰਿਆ, ਪਰ ਇਸ ਨੇ ਸਾਡੀ 'ਮਾਤਾ ਧਰਤਿ' ਨੂੰ ਰਸਾਇਣਾਂ ਨਾਲ ਜ਼ਹਿਰੀਲਾ ਬਣਾ ਦਿੱਤਾ ਅਤੇ 'ਪਾਣੀ ਪਿਤਾ' ਨੂੰ ਪਾਤਾਲ ਵੱਲ ਧੱਕਣ ਦੇ ਨਾਲ-ਨਾਲ ਦੂਸ਼ਿਤ ਵੀ ਕਰ ਦਿੱਤਾ। ਆਪਣੀ ਪੁਰਾਤਨ ਸਿਆਣਪ ਅਤੇ ਕੁਦਰਤੀ ਸੰਤੁਲਨ ਨੂੰ ਵਿਸਾਰ ਕੇ ਅਸੀਂ ਮੰਡੀ ਦੀ ਗੁਲਾਮੀ ਦੇ ਉਸ ਕੁਚੱਕਰ ਵਿੱਚ ਫਸ ਗਏ ਹਾਂ, ਜਿੱਥੇ ਲਾਗਤਾਂ ਦੇ ਵਾਧੇ ਨੇ ਅੰਨਦਾਤੇ ਨੂੰ ਕਰਜ਼ੇ ਅਤੇ ਖੁਦਕੁਸ਼ੀਆਂ ਦੇ ਰਾਹ ਪਾ ਦਿੱਤਾ ਹੈ। ਅਜਿਹੀ ਸਥਿਤੀ ਵਿੱਚ ਜੈਵਿਕ ਖੇਤੀ ਵੱਲ ਮੋੜਾ ਕੱਟਣਾ ਮਹਿਜ਼ ਇੱਕ ਤਕਨੀਕੀ ਤਬਦੀਲੀ ਨਹੀਂ, ਸਗੋਂ ਪੰਜਾਬ ਦੀ ਰੂਹਾਨੀ ਵਿਰਾਸਤ, ਆਰਥਿਕਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ ਨੂੰ ਬਚਾਉਣਾ ਲਈ ਲਿਆ ਗਿਆ ਇੱਕ ਲਾਜ਼ਮੀ ਨੀਤੀਗਤ ਫ਼ੈਸਲਾ ਹੈ।

ਮਿੱਟੀ ਦੀ ਸਿਹਤ ਵਿੱਚ ਆ ਰਹੀ ਲਗਾਤਾਰ ਗਿਰਾਵਟ ਪੰਜਾਬ ਦੇ ਖੇਤੀ ਸੰਕਟ ਦੀ ਜੜ੍ਹ ਹੈ। ਖੇਤੀ ਵਿਗਿਆਨ ਅਨੁਸਾਰ ਉਪਜਾਊ ਮਿੱਟੀ ਵਿੱਚ ਜੈਵਿਕ ਅੰਸ਼ (ਮਾਦਾ) ਘੱਟੋ-ਘੱਟ ਇੱਕ ਫ਼ੀਸਦ ਹੋਣਾ ਚਾਹੀਦਾ ਹੈ, ਪਰ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਇਹ ਅੰਕੜਾ ਚਿੰਤਾਜਨਕ ਹੱਦ ਤੱਕ, ਯਾਨੀ 0.3 ਫ਼ੀਸਦੀ ਤੋਂ ਵੀ ਹੇਠਾਂ ਡਿੱਗ ਚੁੱਕਾ ਹੈ। ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨੇ ਮਿੱਟੀ ਦੇ ਕੁਦਰਤੀ ਜੀਵ-ਚੱਕਰ ਨੂੰ ਲਗਪਗ ਤਬਾਹ ਕਰ ਦਿੱਤਾ ਹੈ। ਮਿੱਟੀ ਵਿੱਚ ਮੌਜੂਦ ਉਹ ਸੂਖਮ ਜੀਵ, ਜੋ ਕੁਦਰਤੀ ਤੌਰ 'ਤੇ ਜ਼ਮੀਨ ਨੂੰ ਉਪਜਾਊ ਬਣਾਉਂਦੇ ਸਨ, ਹੁਣ ਰਸਾਇਣਾਂ ਦੀ ਭੇਟ ਚੜ੍ਹ ਚੁੱਕੇ ਹਨ। ਨਤੀਜੇ ਵਜੋਂ ਝਾੜ ਨੂੰ ਬਰਕਰਾਰ ਰੱਖਣ ਲਈ ਕਿਸਾਨ ਨੂੰ ਹਰ ਸਾਲ ਵਧੇਰੇ ਮਾਤਰਾ ਵਿੱਚ ਨਾਈਟ੍ਰੋਜਨ ਅਤੇ ਫਾਸਫੋਰਸ ਵਰਗੀਆਂ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਚੱਕਰ ਨੂੰ ਤੋੜਨ ਦਾ ਇੱਕੋ-ਇੱਕ ਵਿਗਿਆਨਕ ਰਾਹ ਜੈਵਿਕ ਖੇਤੀ ਹੈ। ਜਦੋਂ ਅਸੀਂ ਖੇਤ ਵਿੱਚ ਰੂੜੀ ਦੀ ਖਾਦ, ਹਰੀ ਖਾਦ ਜਾਂ ਜੀਵਾਮ੍ਰਿਤ ਦੀ ਵਰਤੋਂ ਕਰਦੇ ਹਾਂ ਤਾਂ ਅਸੀਂ ਮਿੱਟੀ ਦੀ ਜੈਵਿਕ ਸੰਰਚਨਾ ਨੂੰ ਸੁਰਜੀਤ ਕਰਦੇ ਹਾਂ। ਤੱਥ ਦੱਸਦੇ ਹਨ ਕਿ ਜੈਵਿਕ ਮਾਦੇ ਵਿੱਚ ਇੱਕ ਫ਼ੀਸਦੀ ਵਾਧਾ ਹੋਣ ਨਾਲ ਮਿੱਟੀ ਦੀ ਪਾਣੀ ਸੋਖਣ ਦੀ ਸਮਰੱਥਾ ਪ੍ਰਤੀ ਏਕੜ ਹਜ਼ਾਰਾਂ ਲਿਟਰ ਵਧ ਜਾਂਦੀ ਹੈ, ਜੋ ਪੰਜਾਬ ਦੇ ਉਨ੍ਹਾਂ 117 'ਡਾਰਕ ਜ਼ੋਨ' ਬਲਾਕਾਂ ਲਈ ਬਹੁਤ ਜ਼ਰੂਰੀ ਹੈ ਜਿੱਥੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਹੇਠਾਂ ਜਾ ਚੁੱਕਾ ਹੈ।

ਜਿੱਥੋਂ ਤੱਕ ਪੰਜਾਬ ਵਿੱਚ ਵਧ ਰਹੀਆਂ ਭਿਆਨਕ ਬਿਮਾਰੀਆਂ ਦਾ ਸਵਾਲ ਹੈ, ਇਹ ਸੱਚ ਹੈ ਕਿ ਇਸ ਦੇ ਕਈ ਹੋਰ ਸਮਾਜਿਕ ਅਤੇ ਉਦਯੋਗਿਕ ਪਹਿਲੂ ਵੀ ਹੋ ਸਕਦੇ ਹਨ ਅਤੇ ਸਿਰਫ਼ ਖੇਤੀਬਾੜੀ ਨੂੰ ਹੀ ਇਸ ਦਾ ਮੁੱਖ ਕਾਰਨ ਮੰਨ ਲੈਣਾ ਸ਼ਾਇਦ ਪੂਰਾ ਸੱਚ ਨਾ ਹੋਵੇ, ਪਰ ਅਸੀਂ ਇਸ ਹਕੀਕਤ ਨੂੰ ਵੀ ਅੱਖੋਂ ਓਹਲੇ ਨਹੀਂ ਕਰ ਸਕਦੇ ਕਿ ਰਸਾਇਣਕ ਖੇਤੀ ਦੇ ਲੰਮੇ ਦੌਰ ਨੇ ਸਾਡੀ ਮਿੱਟੀ ਅਤੇ ਪਾਣੀ ਦੀ ਕੁਦਰਤੀ ਬਣਤਰ ਨੂੰ ਬੁਰੀ ਤਰ੍ਹਾਂ ਵਿਗਾੜ ਦਿੱਤਾ ਹੈ। ਅਨੇਕਾਂ ਖੋਜਾਂ ਇਹ ਤਸਦੀਕ ਕਰਦੀਆਂ ਹਨ ਕਿ ਧਰਤੀ ਹੇਠਲੇ ਪਾਣੀ ਵਿੱਚ ਯੂਰੇਨੀਅਮ, ਫਲੋਰਾਈਡ ਅਤੇ ਆਰਸੈਨਿਕ ਵਰਗੀਆਂ ਭਾਰੀ ਧਾਤਾਂ ਦੀ ਮਾਤਰਾ ਤੈਅ ਸੀਮਾ ਤੋਂ ਕਈ ਗੁਣਾ ਵਧ ਚੁੱਕੀ ਹੈ। ਜਦੋਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਮਿੱਟੀ ਰਾਹੀਂ ਰਿਸ ਕੇ ਹੇਠਲੇ ਪਾਣੀ ਦੇ ਸੋਮਿਆਂ ਤੱਕ ਪਹੁੰਚਦੇ ਹਨ ਤਾਂ ਇਹ ਪਾਣੀ ਨੂੰ ਅਜਿਹੇ 'ਜ਼ਹਿਰ' (Slow Poison) ਵਿੱਚ ਬਦਲ ਦਿੰਦੇ ਹਨ, ਜੋ ਹੌਲੀ-ਹੌਲੀ ਮਨੁੱਖ ਨੂੰ ਮੌਤ ਦੇ ਕੰਢੇ ਲੈ ਜਾਂਦਾ ਹੈ। ਇਹ ਭਾਰੀ ਧਾਤਾਂ ਨਾ ਸਿਰਫ਼ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ, ਸਗੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ। ਜਦੋਂ ਅਸੀਂ ਜੈਵਿਕ ਖੇਤੀ ਦੀ ਗੱਲ ਕਰਦੇ ਹਾਂ ਤਾਂ ਸਾਡਾ ਮੁੱਖ ਮਕਸਦ ਸਿਰਫ਼ ਫ਼ਸਲ ਉਗਾਉਣਾ ਨਹੀਂ, ਸਗੋਂ ਸਾਡੀ ਖ਼ੁਰਾਕੀ ਲੜੀ ਵਿੱਚੋਂ ਇਨ੍ਹਾਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣਾ ਹੈ। ਇਸ ਦਿਸ਼ਾ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਦੀ ਭੂਮਿਕਾ ਨੂੰ ਮੁੜ-ਪਰਿਭਾਸ਼ਿਤ ਕਰਨ ਦੀ ਲੋੜ ਹੈ। ਯੂਨੀਵਰਸਿਟੀ ਨੂੰ ਸਿਰਫ਼ ਵੱਡੀਆਂ ਬੀਜ ਅਤੇ ਖਾਦ ਕੰਪਨੀਆਂ ਦੇ ਵਪਾਰਕ ਏਜੰਡੇ ਤੋਂ ਬਾਹਰ ਆ ਕੇ ਜ਼ਮੀਨੀ ਪੱਧਰ 'ਤੇ ਕਿਸਾਨਾਂ ਨਾਲ ਜੁੜਨਾ ਪਵੇਗਾ। ਸਭ ਤੋਂ ਪਹਿਲਾਂ ਹਰ ਜ਼ਿਲ੍ਹੇ ਅਤੇ ਬਲਾਕ ਦੀ ਮਿੱਟੀ ਦੀ ਵਿਸ਼ੇਸ਼ ਪਰਖ ਕਰਕੇ ਉੱਥੋਂ ਦੇ ਵਾਤਾਵਰਨ ਅਨੁਸਾਰ ਢੁਕਵੀਆਂ ਜੈਵਿਕ ਫ਼ਸਲਾਂ ਦਾ ਮਾਡਲ ਤਿਆਰ ਕੀਤਾ ਜਾਣਾ ਚਾਹੀਦਾ ਹੈ। ਯੂਨੀਵਰਸਿਟੀ ਨੂੰ ਆਪਣੀਆਂ ਖੋਜਾਂ ਨੂੰ ਖੇਤਾਂ ਤੱਕ ਲਿਜਾਣ ਲਈ ਪਿੰਡ ਪੱਧਰੀ ਸੈਮੀਨਾਰਾਂ ਦੀ ਲੜੀ ਸ਼ੁਰੂ ਕਰਨੀ ਚਾਹੀਦੀ ਹੈ। ਇਹ ਸੈਮੀਨਾਰ ਮਹਿਜ਼ ਕਾਗਜ਼ੀ ਕਾਰਵਾਈ ਨਾ ਹੋਣ ਸਗੋਂ ਇਨ੍ਹਾਂ ਵਿੱਚ ਕਿਸਾਨਾਂ ਨੂੰ ਪ੍ਰੈਕਟੀਕਲ ਸਿਖਲਾਈ ਦਿੱਤੀ ਜਾਵੇ ਕਿ ਕਿਵੇਂ ਦੇਸੀ ਪਸ਼ੂਆਂ ਦੇ ਮੂਤਰ ਅਤੇ ਗੋਹੇ ਤੋਂ ਜੀਵਾਮ੍ਰਿਤ ਤਿਆਰ ਕਰਕੇ ਲਾਗਤ ਨੂੰ ਸਿਫ਼ਰ 'ਤੇ ਲਿਆਂਦਾ ਜਾ ਸਕਦਾ ਹੈ। ਜਦੋਂ ਵਿਗਿਆਨ ਅਤੇ ਕਿਸਾਨੀ ਤਜ਼ਰਬਾ ਖੇਤ ਵਿੱਚ ਮਿਲਣਗੇ

ਤਾਂ ਸਾਰਥਿਕ ਨਤੀਜੇ ਨਿਕਲਣਗੇ।

ਮਿੱਟੀ ਦੀ ਸਿਹਤ ਵਿੱਚ ਆ ਰਹੀ ਲਗਾਤਾਰ ਗਿਰਾਵਟ ਪੰਜਾਬ ਦੇ ਖੇਤੀ ਸੰਕਟ ਦੀ ਜੜ੍ਹ ਹੈ। ਖੇਤੀ ਵਿਗਿਆਨ ਅਨੁਸਾਰ ਉਪਜਾਊ ਮਿੱਟੀ ਵਿੱਚ ਜੈਵਿਕ ਅੰਸ਼ (ਮਾਦਾ) ਘੱਟੋ-ਘੱਟ ਇੱਕ ਫ਼ੀਸਦ ਹੋਣਾ ਚਾਹੀਦਾ ਹੈ, ਪਰ ਪੰਜਾਬ ਦੇ ਜ਼ਿਆਦਾਤਰ ਖੇਤਰਾਂ ਵਿੱਚ ਇਹ ਅੰਕੜਾ ਚਿੰਤਾਜਨਕ ਹੱਦ ਤੱਕ, ਯਾਨੀ 0.3 ਫ਼ੀਸਦੀ ਤੋਂ ਵੀ ਹੇਠਾਂ ਡਿੱਗ ਚੁੱਕਾ ਹੈ। ਰਸਾਇਣਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨੇ ਮਿੱਟੀ ਦੇ ਕੁਦਰਤੀ ਜੀਵ-ਚੱਕਰ ਨੂੰ ਲਗਪਗ ਤਬਾਹ ਕਰ ਦਿੱਤਾ ਹੈ। ਮਿੱਟੀ ਵਿੱਚ ਮੌਜੂਦ ਉਹ ਸੂਖਮ ਜੀਵ, ਜੋ ਕੁਦਰਤੀ ਤੌਰ 'ਤੇ ਜ਼ਮੀਨ ਨੂੰ ਉਪਜਾਊ ਬਣਾਉਂਦੇ ਸਨ, ਹੁਣ ਰਸਾਇਣਾਂ ਦੀ ਭੇਟ ਚੜ੍ਹ ਚੁੱਕੇ ਹਨ। ਨਤੀਜੇ ਵਜੋਂ ਝਾੜ ਨੂੰ ਬਰਕਰਾਰ ਰੱਖਣ ਲਈ ਕਿਸਾਨ ਨੂੰ ਹਰ ਸਾਲ ਵਧੇਰੇ ਮਾਤਰਾ ਵਿੱਚ ਨਾਈਟ੍ਰੋਜਨ ਅਤੇ ਫਾਸਫੋਰਸ ਵਰਗੀਆਂ ਰਸਾਇਣਕ ਖਾਦਾਂ ਦੀ ਵਰਤੋਂ ਕਰਨੀ ਪੈਂਦੀ ਹੈ।

ਆਰਥਿਕ ਪੱਖੋਂ ਜੈਵਿਕ ਖੇਤੀ ਦੀ ਕਾਮਯਾਬੀ ਦਾ ਇੱਕ ਵੱਡਾ ਆਧਾਰ 'ਬੀਜਾਂ ਦੀ ਖ਼ੁਦਮੁਖ਼ਤਿਆਰੀ' ਹੈ। ਹਰੀ ਕ੍ਰਾਂਤੀ ਦੇ ਦੌਰ ਵਿੱਚ ਕਿਸਾਨ ਆਪਣੇ ਰਵਾਇਤੀ ਅਤੇ ਦੇਸੀ ਬੀਜਾਂ ਨੂੰ ਸਾਂਭਣ ਦੀ ਕਲਾ ਵਿਸਾਰ ਕੇ ਹਰ ਸਾਲ ਕੰਪਨੀਆਂ ਦੇ ਮਹਿੰਗੇ ਹਾਈਬ੍ਰਿਡ ਬੀਜਾਂ 'ਤੇ ਨਿਰਭਰ ਹੋ ਗਿਆ ਹੈ। ਜੈਵਿਕ ਮਾਡਲ ਕਿਸਾਨ ਨੂੰ ਮੁੜ ਆਪਣੇ ਬੀਜ ਖ਼ੁਦ ਤਿਆਰ ਕਰਨ ਅਤੇ ਸਾਂਭਣ ਲਈ ਉਤਸ਼ਾਹਿਤ ਕਰਦਾ ਹੈ, ਜੋ ਕਿ ਖੇਤੀ ਲਾਗਤ ਨੂੰ ਘਟਾਉਣ ਦਾ ਸਭ ਤੋਂ ਵੱਡਾ ਸਾਧਨ ਹੈ। ਜੇਕਰ ਅਸੀਂ ਵਿਸ਼ਵ ਪੱਧਰ 'ਤੇ ਦੇਖੀਏ ਤਾਂ ਅੱਜ ਦੁਨੀਆ ਭਰ ਵਿੱਚ ਜੈਵਿਕ ਖੇਤੀ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਵਿਸ਼ਵ ਪੱਧਰੀ ਸਰਵੇਖਣ ਦੱਸਦੇ ਹਨ ਕਿ ਪਿਛਲੇ ਇੱਕ ਦਹਾਕੇ ਵਿੱਚ ਜੈਵਿਕ ਉਤਪਾਦਾਂ ਦੀ ਮੰਗ ਵਿੱਚ 15 ਫ਼ੀਸਦੀ ਸਾਲਾਨਾ ਵਾਧਾ ਹੋ ਰਿਹਾ ਹੈ। ਸਿੱਕਿਮ ਵਰਗੇ ਭਾਰਤੀ ਰਾਜ ਨੇ ਖ਼ੁਦ ਨੂੰ ਪੂਰੀ ਤਰ੍ਹਾਂ '100 ਫ਼ੀਸਦ ਜੈਵਿਕ ਸੂਬਾ' ਐਲਾਨ ਕੇ ਦੁਨੀਆ ਨੂੰ ਨਵਾਂ ਰਾਹ ਦਿਖਾਇਆ ਹੈ। ਡੈਨਮਾਰਕ ਅਤੇ ਆਸਟਰੀਆ ਵਰਗੇ ਯੂਰੋਪੀਅਨ ਦੇਸ਼ਾਂ ਵਿੱਚ ਕੁੱਲ ਖੇਤੀ ਹੇਠਲੇ ਰਕਬੇ ਦਾ ਵੱਡਾ ਹਿੱਸਾ ਜੈਵਿਕ ਖੇਤੀ ਅਧੀਨ ਆ ਚੁੱਕਾ ਹੈ। ਜਦੋਂ ਵਿਸ਼ਵ ਪੱਧਰ 'ਤੇ ਲੋਕ ਸਿਹਤ ਪ੍ਰਤੀ ਇੰਨੇ ਜਾਗਰੂਕ ਹੋ ਰਹੇ ਹਨ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਇਸ ਮੋੜੇ ਤੋਂ ਪਿੱਛੇ ਕਿਉਂ ਹੈ? ਸਾਨੂੰ ਸਿੱਕਿਮ ਵਰਗੇ ਮਾਡਲਾਂ ਤੋਂ ਸਿੱਖ ਕੇ ਪੰਜਾਬ ਦੀਆਂ ਸਥਾਨਕ ਲੋੜਾਂ ਅਨੁਸਾਰ ਆਪਣੇ ਖੇਤੀ ਢਾਂਚੇ ਨੂੰ ਸੁਰਜੀਤ ਕਰਨ ਦੀ ਲੋੜ ਹੈ।

ਮਾਰਕੀਟਿੰਗ ਅਤੇ ਨੀਤੀਗਤ ਸੁਧਾਰ ਜੈਵਿਕ ਖੇਤੀ ਦੀ ਰੀੜ੍ਹ ਦੀ ਹੱਡੀ ਹਨ। ਸਾਨੂੰ 'ਕਿਸਾਨ ਹੱਟ' ਅਤੇ 'ਜੈਵਿਕ ਬਾਜ਼ਾਰਾਂ' ਵਰਗੇ ਢਾਂਚੇ ਨੂੰ ਹਰ ਸ਼ਹਿਰ ਵਿੱਚ ਖੜ੍ਹਾ ਕਰਨਾ ਪਵੇਗਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਜੈਵਿਕ ਉਤਪਾਦਾਂ ਲਈ ਵਿਸ਼ੇਸ਼ ਮੰਡੀਆਂ ਸਥਾਪਿਤ ਕਰੇ, ਜਿੱਥੇ ਵਿਚੋਲਿਆਂ ਦੀ ਕੋਈ ਥਾਂ ਨਾ ਹੋਵੇ ਅਤੇ ਕਿਸਾਨ ਸਿੱਧਾ ਖਪਤਕਾਰ ਨਾਲ ਜੁੜ ਸਕੇ। ਪ੍ਰਮਾਣੀਕਰਨ ਦੀ ਪ੍ਰਕਿਰਿਆ ਨੂੰ ਛੋਟੇ ਕਿਸਾਨਾਂ ਲਈ ਮੁਫ਼ਤ ਅਤੇ ਸਰਲ ਬਣਾਉਣਾ ਲਾਜ਼ਮੀ ਹੈ। ਪਿੰਡ ਪੱਧਰ 'ਤੇ 'ਕਿਸਾਨ ਉਤਪਾਦਕ ਸੰਗਠਨ' ਬਣਾ ਕੇ ਸਾਂਝੀ ਮਾਰਕੀਟਿੰਗ ਅਤੇ ਬ੍ਰਾਂਡਿੰਗ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜਦੋਂ ਸ਼ਹਿਰੀ ਖਪਤਕਾਰ ਨੂੰ ਆਪਣੇ ਨੇੜਲੇ 'ਕਿਸਾਨ ਹੱਟ' ਤੋਂ ਸ਼ੁੱਧ ਅਤੇ ਤਾਜ਼ਾ ਉਤਪਾਦ ਮਿਲਣਗੇ ਤਾਂ ਉਹ ਖ਼ੁਸ਼ੀ ਨਾਲ ਵਾਜਬ ਕੀਮਤ ਦੇਵੇਗਾ, ਜਿਸ ਨਾਲ ਕਿਸਾਨ ਅਤੇ ਗਾਹਕ ਵਿਚਾਲੇ ਭਰੋਸੇ ਦਾ ਇੱਕ ਨਵਾਂ ਰਿਸ਼ਤਾ ਪੈਦਾ ਹੋਵੇਗਾ।

ਪੰਜਾਬ ਦੀ ਖੇਤੀ ਨੂੰ ਸੁਰਜੀਤ ਕਰਨ ਲਈ ਇੱਕ ਵਿਆਪਕ ਅਤੇ ਦੂਰਅੰਦੇਸ਼ ਨੀਤੀ ਦੀ ਲੋੜ ਹੈ। ਇਹ ਪਰਿਵਰਤਨ ਸਿਰਫ਼ ਕਿਸਾਨਾਂ ਦੀ ਮਿਹਨਤ ਨਾਲ ਨਹੀਂ ਆਵੇਗਾ, ਇਸ ਦੇ ਲਈ ਸਰਕਾਰ, ਖੇਤੀਬਾੜੀ ਯੂਨੀਵਰਸਿਟੀ ਅਤੇ ਸਮਾਜ ਦੇ ਹਰ ਵਰਗ ਨੂੰ ਸਾਂਝੀ ਜ਼ਿੰਮੇਵਾਰੀ ਚੁੱਕਣੀ ਪਵੇਗੀ। ਯੂਨੀਵਰਸਿਟੀ ਨੂੰ ਆਪਣੇ ਖੋਜ ਕੇਂਦਰਾਂ ਨੂੰ ਜੈਵਿਕ ਖੇਤੀ ਦੇ ਪ੍ਰਦਰਸ਼ਨੀ ਫਾਰਮਾਂ ਵਿੱਚ ਬਦਲਣਾ ਚਾਹੀਦਾ ਹੈ। ਜੇਕਰ ਅਸੀਂ ਅੱਜ ਆਪਣੀ ਮਿੱਟੀ, ਪਾਣੀ ਅਤੇ ਖ਼ੁਰਾਕ ਦੀ ਸੰਭਾਲ ਨਾ ਕੀਤੀ ਤਾਂ ਆਉਣ ਵਾਲੀਆਂ ਪੀੜ੍ਹੀਆਂ ਕੋਲ ਸਿਰਫ਼ ਬੰਜਰ ਜ਼ਮੀਨ ਅਤੇ ਬਿਮਾਰੀਆਂ ਹੀ ਵਿਰਾਸਤ ਵਿੱਚ ਬਚਣਗੀਆਂ। ਜੈਵਿਕ ਖੇਤੀ ਵੱਲ ਮੋੜਾ ਕੱਟਣਾ ਪੰਜਾਬ ਦੀ ਹੋਂਦ ਅਤੇ ਭਵਿੱਖੀ ਖ਼ੁਸ਼ਹਾਲੀ ਨੂੰ ਬਚਾਉਣ ਲਈ ਚੁੱਕਿਆ ਗਿਆ ਇੱਕ ਜ਼ਰੂਰੀ ਇਤਿਹਾਸਕ ਕਦਮ ਹੋਵੇਗਾ। ਧਰਤੀ ਸਾਡੀ ਨਿੱਜੀ ਜਾਇਦਾਦ ਨਹੀਂ, ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੀ ਅਮਾਨਤ ਹੈ, ਜਿਸ ਨੂੰ ਸਿਹਤਮੰਦ ਹਾਲਤ ਵਿੱਚ ਅਗਾਂਹ ਤੋਰਨਾ ਸਾਡਾ ਸਭ ਤੋਂ ਵੱਡਾ ਫ਼ਰਜ਼ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੀ ਕਿਸਾਨੀ ਦਾ ਭਵਿੱਖ ਕੁਦਰਤ ਨਾਲ ਸਾਂਝ ਪਾ ਕੇ ਹੀ ਸੁਰੱਖਿਅਤ ਹੋ ਸਕਦਾ ਹੈ।

------- ਬਾਕੀ ਸਫਾ 7 ਦੀ -------

ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

ਪਾਣੀ ਵਿੱਚ ਘੋਲ ਕੇ ਕਰੋ । ਡੀਲੇ/ਮੋਥੇ ਦੀ ਰੋਕਥਾਮ ਲਈ 400 ਮਿਲੀਲਿਟਰ ਪ੍ਰਤੀ ਏਕੜ 2, 4-ਡੀ ਅਮਾਈਨ ਸਾਲਟ 58 ਐਸ ਐਲ ਬਿਜਾਈ ਤੋਂ 20-25 ਦਿਨਾਂ ਬਾਅਦ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਬਾਰਿਸ਼ ਦਾ ਪਾਣੀ ਖੇਤ ਵਿੱਚ ਨਾ ਖੜ੍ਹਾ ਹੋਣ ਦਿਓ ਕਿਉਕਿ ਇਹ ਫ਼ਸਲ ਜ਼ਿਆਦਾ ਪਾਣੀ ਨਹੀਂ ਸਹਾਰ ਸਕਦੀ ਇਸ ਨਾਲ ਤਣਾ ਗਲਣ ਦੇ ਰੋਗ ਵਿਚ ਵਾਧਾ ਹੁੰਦਾ ਹੈ ।

ਮੱਕੀ ਨੂੰ ਨਾਈਟਰੋਜ਼ਨ ਦੀ ਦੂਸਰੀ ਕਿਸ਼ਤ (37 ਕਿਲੋ ਜਾਂ 25 ਕਿਲੋ ਪ੍ਰਤੀ ਏਕੜ ਕ੍ਰਮਵਾਰ ਲੰਮਾ ਅਤੇ ਦਰਮਿਆਨਾ / ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ) ਫ਼ਸਲ ਦੇ ਗੋਡੇ-ਗੋਡੇ ਹੋਣ ਤੱਕ ਪਾਓ ਬਰਾਨੀ ਇਲਾਕਿਆਂ ਵਿੱਚ ਖਾਦਾਂ ਦੀ ਮਿਕਦਾਰ ਜ਼ਮੀਨ ਦੀ ਕਿਸਮ ਤੇ ਪਾਣੀ ਸੰਭਾਲਣ ਦੀ ਸ਼ਕਤੀ ਤੇ ਨਿਰਭਰ ਕਰਦੀ ਹੈ । ਭਾਰੀਆਂ ਜ਼ਮੀਨਾਂ ਵਿੱਚ ਪਾਣੀ ਸੰਭਾਲਣ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ । ਉਹਨਾਂ ਹਾਲਤਾਂ ਵਿੱਚ ਮੱਕੀ ਨੂੰ ਕੁੱਲ 70 ਕਿਲੋ ਯੂਰੀਆ, 35 ਕਿਲੋ ਡੀ ਏ ਪੀ ਜਾਂ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪਾਓ । ਬਹੁਤੀਆਂ ਹਲਕੀਆਂ ਜ਼ਮੀਨਾਂ ਵਿੱਚ ਇਹ ਖਾਦਾਂ ਦੀ ਮਿਕਦਾਰ ਅੱਧੀ ਕਰ ਦਿਉ । ਬਰਾਨੀ ਮੱਕੀ ਵਿੱਚ ਅੱਧੀ ਨਾਈਟਰੋਜਨ ਅਤੇ ਸਾਰੀ ਫਾਸਫੋਰਸ ਤੇ ਪੋਟਾਸ਼ ਬਿਜਾਈ ਵੇਲੇ ਡਰਿੱਲ ਕਰ ਦਿਉ ਅਤੇ ਬਾਕੀ ਰਹਿੰਦੀ ਅੱਧੀ ਨਾਈਟਰੋਜਨ ਖਾਦ ਇੱਕ ਮਹੀਨਾ ਬਾਅਦ ਪਾਉ । ਜੇਕਰ ਮੱਕੀ ਨੂੰ ਰੂੜੀ ਦੀ ਖਾਦ ਪਾਈ ਜਾਵੇ ਤਾਂ ਫਾਸਫੋਰਸ ਅਤੇ ਪੋਟਾਸ਼ ਵਾਲੀਆਂ ਖਾਦਾਂ ਦੀ ਕੋਈ ਲੋੜ ਨਹੀਂ ।

ਮੱਕੀ ਦੇ ਗੜੂੰਏਂ ਦੀ ਰੋਕਥਾਮ ਲਈ 30 ਮਿ.ਲਿ. ਕੋਰਾਜਨ 18.5 ਐਸ ਸੀ ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਇਸ ਦੀ ਰੋਕਥਾਮ ਟ੍ਰਾਈਕੋਗਰਾਮਾ ਮਿੱਤਰ ਕੀੜੇ ਨਾਲ ਵੀ ਕੀਤੀ ਜਾ ਸਕਦੀ ਹੈ ।

ਫਾਲ ਅਰਮੀਵਰਮ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ । ਵੱਡੀਆਂ ਸੁੰਡੀਆਂ ਗੋਭ ਨੂੰ ਲਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ Y ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੌਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ । ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਿਤ ਕਰਨ ਲਈ ਮੱਕੀ ਦੀ ਬਿਜਾਈ ਨਾਲ ਲਗਦੇ ਖੇਤਾਂ ਵਿੱਚ ਥੋੜ੍ਹੇ-ਥੋੜ੍ਹੇ ਵਕਫ਼ੇ ਤੇ ਨਾ ਕਰੋ । ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਥਾਈਲ 5 ਐੱਸ ਜੀ (ਐਮਾਮੈਕਟਿਨ ਬੈਂਜ਼ੋਏਟ) ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਜੇ ਹਮਲਾ ਬੋਤੀਆਂ ਵਿੱਚ ਹੋਵੇ ਤਾਂ ਫ਼ਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿੱਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲੱਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿੱਚ ਪਾ ਕੇ ਫ਼ਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜਨ 18.5 ਐਸ ਸੀ ਜਾਂ ਡੈਲੀਗੇਟ 11.7 ਐਸ ਸੀ ਜਾਂ 5 ਗ੍ਰਾਮ ਮਿਥਾਈਲ

5 ਐਸ ਜੀ ਨੂੰ 10 ਮਿਲੀਲਿਟਰ ਪਾਣੀ ਵਿੱਚ ਘੋਲ ਕੇ ਇੱਕ ਕਿਲੋ ਮਿੱਟੀ ਵਿੱਚ ਚੰਗੀ ਤਰ੍ਹਾਂ ਮਿਲਾਓ । ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ ।

ਕਮਾਦ : ਜੇਕਰ ਗੰਨੇ ਦੀ ਫ਼ਸਲ ਦੇ ਮੁੱਢਾਂ ਤੇ ਮਿੱਟੀ ਚੜ੍ਹਾਉਣ ਦਾ ਕੰਮ ਕਰ ਲਿਆ ਹੈ ਤਾਂ ਠੀਕ ਹੈ, ਨਹੀਂ ਤਾਂ ਜੁਲਾਈ ਦੇ ਪਹਿਲੇ ਹਫ਼ਤੇ ਕਰ ਦਿਉ । ਜੇਕਰ ਖੇਤਾਂ ਵਿੱਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ । ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਦਾਣੇਦਾਰ ਕਾਰਬੋਫੂਰਾਨ 3 ਜੀ ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ਪਰ ਇਹ ਕੰਮ ਜੁਲਾਈ ਦੇ ਪਹਿਲੇ ਹਫ਼ਤੇ ਤੱਕ ਕਰੋ । ਦਾਣੇਦਾਰ ਜ਼ਹਿਰ ਸਿਰਫ ਉਦੋਂ ਹੀ ਪਾਉ ਜਦੋਂ ਹਮਲਾ 5% ਤੋਂ ਜ਼ਿਆਦਾ ਹੋਵੇ । ਟਰਾਈਕੋਕਾਰਡਾਂ ਦੇ ਨਾਲ 10 ਫ਼ੀਰੋਮੋਨ ਟਰੈਪ ਪ੍ਰਤੀ ਏਕੜ ਦੀ ਵਰਤੋਂ ਕਰਕੇ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।

ਮੂੰਗਫਲੀ

ਵਧੀਆ ਝਾੜ ਲੈਣ ਲਈ ਮੋਟੀਆਂ ਗਿਰੀਆਂ ਦੀ ਵਰਤੋਂ ਕਰੋ । ਬਰਾਨੀ ਜ਼ਮੀਨਾਂ ਵਿੱਚ ਜੁਲਾਈ ਦੇ ਪਹਿਲੇ ਹਫ਼ਤੇ

ਬੀਜੀ ਗਈ ਮੂੰਗਫਲੀ ਦੀ ਫ਼ਸਲ ਨੂੰ ਗਿੱਚੀ ਗਲਣ ਰੋਗ ਤੋਂ ਬਚਾਉਣ ਲਈ ਉੱਲੀਨਾਸ਼ਕ ਨਾਲ ਸੋਧੋ । ਇੱਕ ਕਿਲੋ ਗਿਰੀਆਂ ਲਈ 2 ਮਿਲੀਲਿਟਰ ਨਿਊਨਿਕਸ 20 ਐਫ ਐਸ (ਇਮਿਡਾਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਜਾਂ 1.5 ਗ੍ਰਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਦੀ ਵਰਤੋਂ ਕਰੋ । ਨਿਊਨਿਕਸ ਨਾਲ ਬੀਜ ਦੀ ਸੋਧ ਕਰਨ ਤੇ ਚਿੱਟੀ ਸੁੰਡੀ ਅਤੇ ਸਿਉਂਕ ਦੀ ਰੋਕਥਾਮ ਹੋ ਜਾਂਦੀ ਹੈ । 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਅਤੇ 17 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਵਰਤੋਂ । ਜੇਕਰ ਮੂੰਗਫਲੀ ਕਣਕ ਤੋਂ ਬਾਅਦ ਬੀਜੀ ਗਈ ਹੈ ਅਤੇ ਸਿਫ਼ਾਰਸ਼ ਕੀਤੀ ਫਾਸਫੋਰਸ ਪਾਈ ਗਈ ਸੀ ਤਾਂ ਸੁਪਰ ਫ਼ਾਸਫੇਟ ਨਾ ਪਾਓ । ਜ਼ਿੰਕ ਦੀ ਘਾਟ ਪੂਰੀ ਕਰਨ ਲਈ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਪਾਉ । ਜ਼ਿੰਕ ਸਲਫੇਟ ਦੀ ਏਨੀ ਮਿਕਦਾਰ ਦੋ-ਤਿੰਨ ਸਾਲ ਫ਼ਸਲ ਪੈਦਾ ਕਰਨ ਲਈ ਕਾਫ਼ੀ ਹੈ ।

ਦਾਲਾਂ

ਮਾਂਹ (ਮਾਂਹ 883, ਮਾਂਹ 114, ਮਾਂਹ 338) ਦੀ ਬਿਜਾਈ ਜੁਲਾਈ ਦੇ ਪਹਿਲੇ ਹਫ਼ਤੇ ਅਤੇ ਮੂੰਗੀ ਐਮ ਐਲ-1808, ਐਮ ਐਲ-2056 ਅਤੇ ਐਮ ਐਲ-818 ਕਿਸਮਾਂ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ । ਪਿਛੇਤੀ ਬਿਜਾਈ ਕਾਰਨ ਫ਼ਸਲ ਦਾ ਝਾੜ ਘਟਦਾ ਹੈ । ਮਾਂਹ/ਮੂੰਗੀ ਜਾਂ ਅਰਹਰ ਵਿੱਚੋਂ ਨਦੀਨ ਮਾਰਨ ਲਈ ਇੱਕ ਜਾਂ ਦੋ ਗੋਡੀਆਂ ਕਰੋ । ਮੂੰਗੀ ਨੂੰ 11 ਕਿਲੋ ਯੂਰੀਆ ਤੇ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ ਮਾਂਹ ਨੂੰ 11 ਕਿਲੋ ਯੂਰੀਆ ਤੇ 60 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਵੇਲੇ ਹੀ ਪਾਉ । ਚੰਗੇ ਝਾੜ ਲਈ ਬੀਜ ਨੂੰ ਸਿਫਾਰਸ਼ ਕੀਤੇ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਓ । ਤੰਬਾਕੂ ਦੀ ਸੁੰਡੀ ਦੀ ਰੋਕਥਾਮ ਲਈ ਇਸ ਦੇ ਆਂਡੇ ਅਤੇ ਛੋਟੀਆਂ ਸੁੰਡੀਆਂ ਜੋ ਪੱਤਿਆਂ ਨੂੰ ਝੁੰਡਾਂ ਵਿੱਚ ਖਾਂਦੀਆਂ ਹਨ, ਪੱਤਿਆਂ ਸਮੇਤ ਨਸ਼ਟ ਕਰ ਦਿਓ ।

ਹਰੇ ਚਾਰੇ

ਸਾਉਣੀ ਦੇ ਹਰੇ ਚਾਰੇ ਲਗਾਤਾਰ ਲੈਣ ਲਈ ਕੁਝ ਵਕਫ਼ੇ ਤੇ ਚਾਰੇ ਬੀਜਦੇ ਰਹੋ । ਪਿਛੇਤੇ ਚਾਰੇ ਲਈ ਚਰ੍ਹੀ ਦੀ ਬਿਜਾਈ ਕਰੋ । ਜੇਕਰ ਰਵਾਂਹ ਬੀਜ ਲਈ ਬੀਜਣਾ ਹੈ ਤਾਂ ਜੁਲਾਈ ਦੇ ਦੂਸਰੇ ਪੰਦਰਵਾੜੇ ਇਸ ਦੀ ਬਿਜਾਈ ਕਰ ਦਿਉ । ਗੈਰ ਫ਼ਲੀਦਾਰ ਚਾਰਾ ਕੱਟ ਕੇ ਫ਼ਲੀਦਾਰ ਚਾਰਾ ਜਿਵੇਂ ਕਿ ਗੁਆਰਾ ਜਾਂ ਰਵਾਂਹ ਵਿੱਚ ਰਲਾ ਕੇ ਵਰਤੋਂ ।

ਸਬਜ਼ੀਆਂ

ਬੈਂਗਣ : ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਬੈਂਗਣ ਦੀ ਪੀ ਬੀ ਐਚ ਆਰ-41, ਪੀ ਬੀ ਐਚ ਆਰ-42, ਪੀ ਬੀ ਐਚ-3, ਪੀ ਬੀ ਐਚ-5, ਪੀ ਬੀ ਐਚ-6, ਪੰਜਾਬ ਰੌਣਕ, ਪੰਜਾਬ ਭਰਪੂਰ ਅਤੇ ਪੰਜਾਬ ਹਿੰਮਤ ਹਾਈਬ੍ਰਿਡ ਕਿਸਮਾਂ ਦਾ 300-400 ਗ੍ਰਾਮ ਬੀਜ 10-15 ਸੈਂਟੀਮੀਟਰ ਉੱਚੀਆਂ ਇੱਕ ਮਰਲੇ ਦੀਆਂ ਕਿਆਰੀਆਂ ਵਿੱਚ ਬੀਜੋ । ਬਿਜਾਈ ਤੋਂ ਪਹਿਲਾਂ ਬੀਜ ਨੂੰ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ । ਬੈਂਗਣਾਂ ਵਿੱਚ ਫ਼ਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ 18.5 ਐਸ ਜੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100 ਤੋਂ 125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।

ਖੇਤ ਵਿੱਚ ਖੜ੍ਹੀਆਂ ਸਬਜ਼ੀਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਪਾਣੀ ਦਿਓ, ਹਲਕੀਆਂ ਜ਼ਮੀਨਾਂ ਵਿੱਚ ਪਾਣੀ ਚਾਰ ਤੋਂ ਪੰਜ ਦਿਨਾਂ ਦੇ ਵਕਫ਼ੇ ਤੇ ਦਿਓ ।

ਮੂਲੀ : ਮੂਲੀ ਦੀ ਪੂਸਾ ਚੇਤਕੀ ਕਿਸਮ ਇਸ ਮਹੀਨੇ ਵਿੱਚ ਬਿਜਾਈ ਲਈ ਢੁੱਕਵੀਂ ਹੈ । ਪੂਸਾ ਚੇਤਕੀ ਕਿਸਮ ਦੀ ਮੂਲੀ ਛੋਟੀ ਤੇ ਦਰਮਿਆਨੀ ਮੋਟੀ ਚਿੱਟੇ ਰੰਗ ਦੀ ਅਤੇ ਅੱਗੋਂ ਖੁੰਢੀ ਹੁੰਦੀ ਹੈ । ਇਸ ਦੇ ਪੱਤੇ ਛੋਟੇ ਅਤੇ ਪੂਰੇ ਹੁੰਦੇ ਹਨ । 4-5 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ ਵਰਤੋਂ ਅਤੇ ਕਤਾਰਾਂ ਵਿੱਚ 45 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 7.5 ਸੈਂਟੀਮੀਟਰ ਦਾ ਫਾਸਲਾ ਰੱਖੋ ।

ਪਿਆਜ਼ : ਸਾਉਣੀ ਦੇ ਪਿਆਜ਼ ਦੀਆਂ ਗੰਢੀਆਂ ਨੂੰ ਪੁੱਟ ਲਓ ਅਤੇ ਛਾਂਦਾਰ ਕਮਰੇ ਵਿੱਚ ਠੰਡੀ ਥਾਂ ਦੇ ਉੱਤੇ ਰੱਖ ਦਿਓ ਤਾਂ ਜੋ ਅਗਸਤ ਵਿੱਚ ਇਨ੍ਹਾਂ ਗੰਢੀਆਂ ਨੂੰ ਖੇਤ ਵਿੱਚ ਲਾਇਆ ਜਾ ਸਕੇ ।

ਭਿੰਡੀ : 4-6 ਕਿਲੋ ਬੀਜ ਪ੍ਰਤੀ ਏਕੜ ਬੀਜੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਉਂ ਦਿਓ । ਪੰਜਾਬ ਸੁਹਾਵਨੀ ਅਤੇ ਪੰਜਾਬ ਲਾਲੀਮਾ ਕਿਸਮਾਂ ਇਸ ਰੁੱਤ ਲਈ ਢੁੱਕਵੀਆਂ ਹਨ । 15-20 ਟਨ ਗਲੀ-ਸੜੀ ਰੂੜੀ ਅਤੇ 40 ਕਿਲੋ ਯੂਰੀਆ ਪ੍ਰਤੀ ਏਕੜ

ਆਮ ਜ਼ਮੀਨਾਂ ਵਿੱਚ ਬਿਜਾਈ ਵੇਲੇ ਪਾਓ । ਯੂਰੀਆ ਦੀ ਦੂਜੀ ਕਿਸ਼ਤ (40 ਕਿਲੋ ਪ੍ਰਤੀ ਏਕੜ) ਪਹਿਲੀ ਤੁੜਾਈ ਉਪਰੰਤ ਪਾਓ ।

ਰਵਾਂਹ : ਰਵਾਂਹ (ਕਾਊਪੀਜ਼) 263 ਕਿਸਮ ਦਾ 8-10 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ ਕਤਾਰਾਂ ਵਿਚਕਾਰ 45 ਸੈਮੀ. ਅਤੇ ਪੌਦਿਆਂ ਵਿਚਕਾਰ 15 ਸੈਮੀ. ਦੇ ਫਾਸਲੇ ਤੇ ਬੀਜੋ । 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 16 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਵੇਲੇ ਪਾਓ ।

ਕੱਦੂ ਜਾਤੀ ਦੀਆਂ ਸਬਜ਼ੀਆਂ : ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਘੀਆ ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਅਤੇ ਹਲਵਾ ਕੱਦੂ ਦੀ ਕਿਸਮ ਪੰਜਾਬ ਨਵਾਬ ਅਤੇ ਵੰਗੇ ਦਾ 1 ਕਿਲੋ ਪ੍ਰਤੀ ਏਕੜ ਸਿਫ਼ਾਰਿਸ਼ ਮੁਤਾਬਿਕ ਬੀਜੋ ।

ਫੁੱਲ ਗੋਭੀ : ਫੁੱਲ ਗੋਭੀ ਦੀਆਂ ਅਗੇਤੀਆਂ ਢੁੱਕਵੀਆਂ ਕਿਸਮਾਂ ਦੀ ਪਨੀਰੀ 45x30 ਸੈਮੀ. ਦੇ ਫਾਸਲੇ ਤੇ ਖੇਤ ਵਿੱਚ ਲਾਓ । 40 ਟਨ ਗਲੀ-ਸੜੀ ਰੂੜੀ, 55 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ਼ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ । ਯੂਰੀਆ ਦੀ ਦੂਜੀ ਕਿਸ਼ਤ (55 ਕਿਲੋ ਪ੍ਰਤੀ ਏਕੜ) ਲੁਆਈ ਤੋਂ ਚਾਰ ਹਫਤੇ ਬਾਅਦ ਪਾਓ ।

ਸ਼ਕਰਕੰਦੀ : ਸ਼ਕਰਕੰਦੀ ਦੀ ਕਿਸਮ ਪੰਜਾਬ, ਪੰਜਾਬ ਸ਼ਕਰਕੰਦੀ-21 ਦੀਆਂ ਵੇਲਾਂ ਤੋਂ ਬਣਾਈਆਂ ਹੋਈਆਂ 25000-30000 ਕਟਿੰਗ ਵੱਟਾਂ ਤੇ 67.5 ਸੈ.ਮੀ. ਅਤੇ ਪੌਦਿਆਂ ਵਿਚਕਾਰ 30 ਸੈ.ਮੀ. ਦੇ ਫਾਸਲੇ ਤੇ ਲਾਓ । 10 ਟਨ ਰੂੜੀ ਦੀ ਖਾਦ, 125 ਕਿਲੋ ਕਿਸਾਨ ਖਾਦ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਵਧੀਆ ਫ਼ਸਲ ਲੈਣ ਲਈ ਪਾਓ ।

ਬਾਗਬਾਨੀ

★ ਜ਼ਿਆਦਾ ਬਾਰਿਸ਼ਾਂ ਕਾਰਨ ਕਈ ਵਾਰ ਬਾਗਾਂ ਵਿੱਚ ਜ਼ਿਆਦਾ ਪਾਣੀ ਖੜ੍ਹਾ ਹੋ ਸਕਦਾ ਹੈ, ਇਹ ਵਾਧੂ ਪਾਣੀ ਬਾਗਾਂ ਵਿੱਚੋਂ ਬਾਹਰ ਕੱਢ ਦਿਓ । ਕਿਉਕਿ ਇਹ ਵਾਧੂ ਖੜ੍ਹਾ ਪਾਣੀ ਬੂਟਿਆਂ ਦਾ ਨੁਕਸਾਨ



ਕਰ ਸਕਦਾ ਹੈ ।

★ ਜੁਲਾਈ ਦਾ ਮਹੀਨਾ ਸਦਾ ਬਹਾਰ ਫਲਦਾਰ ਬੂਟਿਆਂ ਜਿਵੇਂ ਕਿ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਡਰੈਗਨ ਫਰੂਟ, ਪਪੀਤਾ ਆਦਿ ਦੇ ਬਾਗਾਂ ਦੀ ਲਵਾਈ ਲਈ ਢੁੱਕਵਾਂ ਹੈ ।

★ ਖਾਲੀ ਜ਼ਮੀਨ ਤੇ ਅੰਤਰ ਫ਼ਸਲਾਂ ਦੀ ਕਾਸ਼ਤ ਅਤੇ ਹਰੀ ਖਾਦ ਲਈ ਸਾਉਣੀ ਅਤੇ ਫਲੀਦਾਰ ਫ਼ਸਲਾਂ ਜਿਵੇਂ ਕਿ ਮੂੰਗੀ, ਮਾਂਹ, ਜੰਤਰ ਆਦਿ ਬੀਜ ਦਿਓ ।

★ ਨਾਖਾਂ ਦੇ ਫ਼ਲਾਂ ਨੂੰ ਬਗੈਰ ਟਾਹਣੀਆਂ ਦੀ ਟੁੱਟ-ਭੱਜ ਦੇ ਤੋੜੋ ।

★ ਬੇਰਾਂ ਦੇ ਪੂਰੇ ਤਿਆਰ ਦਰੱਖਤਾਂ ਨੂੰ 500 ਗ੍ਰਾਮ ਯੂਰੀਆ ਦੀ ਪਹਿਲੀ ਕਿਸ਼ਤ ਪ੍ਰਤੀ ਬੂਟਾ ਇਸ ਮਹੀਨੇ ਪਾ ਦਿਓ ।

★ ਕਿੰਨੂ ਵਿੱਚ ਝਾੜ ਅਤੇ ਫ਼ਲਾਂ ਦੀ ਗੁਣਵੱਤਾ ਸੁਧਾਰਨ ਲਈ ਪੋਟਾਸ਼ੀਅਮ ਨਾਈਟ੍ਰੇਟ (1.0 ਪ੍ਰਤੀਸ਼ਤ) ਦਾ ਛਿੜਕਾਅ ਕਰੋ (1.0 ਕਿਲੋ ਪ੍ਰਤੀ 100 ਲਿਟਰ ਪਾਣੀ) ।

★ ਚੂਨੇ ਦੀ ਕਲੀ ਤਣੇ ਦੁਆਲੇ ਦੂਸਰੀ ਵਾਰ ਫੇਰ ਦਿਓ ਕਿਉਕਿ ਅਜਿਹਾ ਕਰਨ ਨਾਲ ਤਣਾ ਬਿਮਾਰੀਆਂ ਅਤੇ ਗਰਮੀ ਤੋਂ ਬਚਿਆ ਰਹੇਗਾ ।

★ ਨਿੰਬੂ ਜਾਤੀ ਦੇ ਕੀੜ੍ਹਿਆਂ ਦੀ ਰੋਕਥਾਮ ਲਈ 200 ਮਿ. ਲਿ. ਕਰੋਕੋਡਾਇਲ/ਕੰਨਫੀਡੋਰ 17.8 ਐਸ ਐਲ (ਅਮਿਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ (ਥਾਇਆਮੈਥਾਕਸਮ) ਜਾਂ 6.25 ਲਿਟਰ ਮੈਕ ਐਚ ਐਮ ਓ ਨੂੰ 500 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ । ਇਹ ਘੋਲ ਇੱਕ ਏਕੜ ਦੇ ਬੂਟੇ ਤਿਆਰ ਬਾਗ ਲਈ ਕਾਫੀ ਹੈ ।

(ਚੱਲਦਾ)

ਪੰਜਾਬ ਵਿੱਚ ਤਿੰਨ ਫ਼ਸਲੀ ਚੱਕਰ ਦਾ ਬਦਲ ਲੱਭਣ ਦੀ ਲੋੜ

ਪੰਜਾਬ ਸਰਕਾਰ ਫ਼ਸਲੀ ਵਿਭਿੰਨਤਾ ਲਈ ਲੰਮੇ ਸਮੇਂ ਤੋਂ ਉਪਰਾਲੇ ਕਰ ਰਹੀ ਹੈ, ਪਰ ਝੋਨੇ ਦੀ ਕਾਸ਼ਤ ਹੇਠ ਰਕਬਾ ਘੱਟਣ ਦੀ ਬਜਾਏ ਲਗਾਤਾਰ ਵਧਦਾ ਜਾ ਰਿਹਾ ਹੈ। ਕਿਉਂਕਿ ਇਸ ਦੇ ਮੁਕਾਬਲੇ ਖਰੀਫ਼ ਵਿੱਚ ਕੋਈ ਹੋਰ ਫ਼ਸਲ ਕਿਸਾਨਾਂ ਲਈ ਬਹੁਤੀ ਲਾਹੇਵੰਦ ਨਹੀਂ। ਇਸ ਸਾਲ 32.5 ਲੱਖ ਹੈਕਟੇਅਰ 'ਤੇ ਝੋਨੇ ਦੀ ਕਾਸ਼ਤ ਕੀਤੇ ਜਾਣ ਦਾ ਅਨੁਮਾਨ ਹੈ। ਝੋਨੇ ਨੂੰ ਪਾਣੀ ਦੀ ਬਹੁਤੀ ਲੋੜ ਹੋਣ ਕਾਰਨ ਰਾਜ ਦਾ 80% ਰਕਬਾ (154 ਬਲਾਕਾਂ ਵਿੱਚੋਂ 117 ਬਲਾਕ) ਸਿਆਹ (ਡਾਰਕ) ਜ਼ੋਨ ਵਿੱਚ ਤਬਦੀਲ ਹੋ ਗਏ ਹਨ। ਪੰਜਾਬ ਸਰਕਾਰ ਨੇ ਝੋਨੇ ਦੀ ਕਾਸ਼ਤ ਹੇਠ ਰਕਬਾ ਘਟਾ ਕੇ ਫ਼ਸਲੀ ਵਿਭਿੰਨਤਾ ਲਿਆਉਣ ਲਈ ਮੱਕੀ ਦੀ ਕਾਸ਼ਤ ਵਧਾਉਣ 'ਤੇ ਜ਼ੋਰ ਦਿੱਤਾ ਹੈ। ਇਸ ਦੀ ਕਾਸ਼ਤ ਹੇਠ ਇਸ ਸਾਲ 50 ਹਜ਼ਾਰ ਏਕੜ ਰਕਬਾ ਵਧਾਉਣ ਦੀ ਯੋਜਨਾ ਹੈ। ਖ਼ਰੀਫ਼ ਮੌਸਮ ਦੀ ਮੱਕੀ ਹੇਠ 1.30 ਲੱਖ ਹੈਕਟੇਅਰ ਰਕਬਾ ਲਿਆਂਦਾ ਜਾਵੇਗਾ। ਪਰ ਕਿਸਾਨ ਜ਼ਿਆਦਾ ਬਹਾਰ ਰੁੱਤ ਦੀ ਮੱਕੀ ਬੀਜ ਰਹੇ ਹਨ, ਜੋ ਲਗਭਗ ਝੋਨੇ ਜਿੰਨਾ ਪਾਣੀ ਹੀ ਮੰਗਦੀ ਹੈ।

ਇਕ ਅਨੁਮਾਨ ਅਨੁਸਾਰ ਇਸ ਸਾਲ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ 3 ਤੋਂ 3.25 ਲੱਖ ਹੈਕਟੇਅਰ 'ਤੇ ਹੋਣ ਦੀ ਸੰਭਾਵਨਾ ਹੈ। ਪਿਛਲੇ ਸਾਲ ਬਹਾਰ ਰੁੱਤ ਦੀ ਮੱਕੀ 2 ਕੁ ਲੱਖ ਹੈਕਟੇਅਰ ਰਕਬੇ 'ਤੇ ਲਾਈ ਗਈ ਸੀ, ਜਦਕਿ 2024 ਵਿੱਚ 1.50 ਲੱਖ ਹੈਕਟੇਅਰ ਰਕਬਾ 'ਤੇ ਸੀ। ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਨਿਰਦੇਸ਼ਕ ਡਾ. ਗੁਰਜੀਤ ਸਿੰਘ ਬਰਾੜ ਕਹਿੰਦੇ ਹਨ ਕਿ ਕਿਸਾਨਾਂ ਨੂੰ ਬਹਾਰ ਰੁੱਤ ਦੀ ਮੱਕੀ ਨਾ ਬੀਜਣ ਲਈ ਪ੍ਰੇਰਿਆ ਜਾ ਰਿਹਾ ਹੈ, ਪਰ ਕਿਸਾਨ ਵਧੇਰੇ ਲਾਹੇਵੰਦ ਹੋਣ ਕਰਕੇ ਬਹਾਰ ਰੁੱਤ ਦੀ ਮੱਕੀ ਦੀਆਂ ਕਿਸਮਾਂ ਦੀ ਕਾਸ਼ਤ ਕਰਨ 'ਤੇ ਹੀ ਤੁਲੇ ਹੋਏ ਹਨ। ਹਾਲਾਂਕਿ ਖ਼ਰੀਫ਼ ਮੌਸਮ ਵਿੱਚ ਮੱਕੀ ਬੀਜਣ ਲਈ ਪੰਜਾਬ ਸਰਕਾਰ ਵਲੋਂ ਵੱਡੀ ਸਬਸਿਡੀ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਲਈ ਹਾਈਬ੍ਰਿਡ ਕਿਸਮਾਂ ਦਾ ਬੀਜ ਨਿੱਜੀ ਕੰਪਨੀਆਂ ਤੇਜ਼ੀ ਨਾਲ ਵੇਚ ਰਹੀਆਂ ਹਨ। ਪੰਜਾਬ ਸਰਕਾਰ ਨੇ ਹਾਈਬ੍ਰਿਡ ਬੀਜ 'ਤੇ ਪਾਬੰਦੀ ਲਾਈ ਸੀ (ਭਾਵੇਂ ਖਾਰੇ ਪਾਣੀ ਦੇ ਮੁਕਤਸਰ ਆਦਿ ਕਈ ਜ਼ਿਲ੍ਹਿਆਂ ਵਿੱਚ ਹਾਈਬ੍ਰਿਡ ਕਿਸਮਾਂ ਸਫ਼ਲਤਾ ਨਾਲ ਹੋ ਜਾਂਦੀਆਂ ਹਨ)। ਇਹ ਪਾਬੰਦੀ ਅਦਾਲਤ ਵਲੋਂ ਰੱਦ ਕਰ ਦਿੱਤੀ ਗਈ ਤੇ ਹੁਣ ਇਨ੍ਹਾਂ ਬੀਜਾਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ। ਡਾ. ਬਰਾੜ ਦੇ ਦੱਸਿਆ ਕਿ ਸਰਕਾਰ ਤਾਂ ਪਾਣੀ ਦੀ ਬੱਚਤ ਲਈ ਸਿੱਧੀ ਬਿਜਾਈ 'ਤੇ ਵੀ 1500 ਰੁਪਏ ਪ੍ਰਤੀ ਏਕੜ ਦੀ ਸਬਸਿਡੀ ਦੇ ਰਹੀ ਹੈ। ਪਰ ਇਸ ਸਾਲ ਸਿੱਧੀ ਬਿਜਾਈ ਦੀ ਕਾਸ਼ਤ ਬਾਰਿਸ਼ਾਂ ਤੇ ਕੁਝ ਹੋਰ ਕਾਰਨਾਂ ਕਾਰਨ ਬਹੁਤ ਘੱਟ ਰਕਬੇ 'ਤੇ ਹੋਈ ਹੈ। ਕਿਸਾਨ ਬਹਾਰ ਰੁੱਤ ਦੀ ਮੱਕੀ ਇਸ ਕਾਰਨ ਬੀਜ ਰਹੇ ਹਨ ਕਿ ਸਬਸਿਡੀ ਕਾਰਨ ਉਨ੍ਹਾਂ ਦੀ ਕਾਸ਼ਤ ਨਾਲ ਮੁਨਾਫ਼ਾ ਵਧੇਰੇ ਹੁੰਦਾ। ਭਾਵੇਂ ਮੱਕੀ ਦੀ ਸਰਕਾਰੀ ਖ਼ਰੀਦ ਨਾ ਹੋਣ ਕਾਰਨ ਸਹੀ ਅਰਥਾਂ ਵਿੱਚ ਇਸ ਦੀ ਐਮ ਐਸ ਪੀ ਨਹੀਂ ਹੈ। ਕਿਸਾਨਾਂ ਨੂੰ ਪਿਛਲੇ ਸਾਲਾਂ

ਭਗਵਾਨ ਦਾਸ

ਨਾਲੋਂ ਜ਼ਿਆਦਾ ਭਾਅ 1900 ਰੁਪਏ ਪ੍ਰਤੀ ਕੁਇੰਟਲ ਤੱਕ ਮਿਲ ਰਿਹਾ ਹੈ, ਕਿਉਂਕਿ ਮੱਕੀ ਦੀ ਮੰਗ ਜਿਵੇਂ ਪੋਲਟਰੀ, ਇਥਨੋਲ ਤੇ ਚਾਰਿਆਂ ਸੰਬੰਧੀ ਵਧ ਰਹੀ ਹੈ। ਭਾਵੇਂ ਮੱਕੀ ਦੀ ਕਾਸ਼ਤ ਥੱਲੇ ਰਕਬਾ 4.30 ਲੱਖ (3.0 ਲੱਖ ਹੈਕਟੇਅਰ ਹਾਈਬ੍ਰਿਡ + 1.30 ਲੱਖ ਹੈਕਟੇਅਰ ਖ਼ਰੀਫ਼ ਮੌਸਮ ਦੀ ਮੱਕੀ) ਹੈਕਟੇਅਰ ਤੋਂ ਵੱਧ ਤੱਕ ਚਲਾ ਗਿਆ, ਪਰ ਝੋਨੇ ਦੀ ਕਾਸ਼ਤ ਹੇਠ ਰਕਬੇ ਵਿੱਚ ਕੋਈ ਕਮੀ ਨਹੀਂ ਆਈ। ਰਕਬਾ ਦੂਜੀਆਂ ਹੋਰ ਫ਼ਸਲਾਂ ਜਿਵੇਂ ਨਰਮਾ, ਕਪਾਹ ਆਦਿ ਵਿੱਚੋਂ ਨਿਕਲ ਕੇ ਮੱਕੀ, ਝੋਨੇ ਦੀ ਕਾਸ਼ਤ ਹੇਠ ਚਲਾ ਗਿਆ ਹੈ। ਨਰਮੇ, ਕਪਾਹ ਦੀ ਫ਼ਸਲ ਹੁਣ ਤੱਕ 70 ਹਜ਼ਾਰ ਹੈਕਟੇਅਰ ਰਕਬੇ 'ਤੇ ਬੀਜੀ ਗਈ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਕਹਿੰਦੇ ਹਨ ਕਿ ਪੰਜਾਬ ਸਰਕਾਰ ਬੀਟੀ ਨਰਮੇ ਅਤੇ ਦੇਸੀ ਕਪਾਹ ਦੇ ਬੀਜਾਂ 'ਤੇ 33% ਸਬਸਿਡੀ ਦੇ ਰਹੀ ਹੈ, ਪਰ ਕਿਸਾਨ ਇਸ ਨੂੰ ਫੇਰ ਵੀ ਨਹੀਂ ਅਪਣਾ ਰਹੇ, ਕਿਉਂਕਿ ਇਸ ਦੇ ਮੰਡੀਕਰਨ ਵਿੱਚ ਮੁਸ਼ਕਿਲਾਂ ਆਉਂਦੀਆਂ ਹਨ। ਪਿਛਲੇ ਸਾਲ ਕਾਟਨ ਕਾਰਪੋਰੇਸ਼ਨ ਆਫ਼ ਇੰਡੀਆ ਨੇ ਨਰਮੇ ਦੀ ਖ਼ਰੀਦ ਲਈ ਮੰਡੀ ਵਿੱਚ ਪ੍ਰਵੇਸ਼ ਹੀ ਨਹੀਂ ਸੀ ਕੀਤਾ। ਨਰਮੇ-ਕਪਾਹ ਦੀ ਕਾਸ਼ਤ ਲਈ ਜੋ ਨਿਸ਼ਾਨਾ ਮਿੱਥਿਆ ਗਿਆ ਸੀ, ਉਸ ਵਿੱਚੋਂ 55-56 ਫ਼ੀਸਦੀ ਦੀ ਹੀ ਪ੍ਰਾਪਤੀ ਹੋਈ ਹੈ।

ਬਹਾਰ ਰੁੱਤ ਵਿੱਚ ਮੱਕੀ ਦੀਆਂ ਹਾਈਬ੍ਰਿਡ ਕਿਸਮਾਂ ਦੀ ਕਾਸ਼ਤ ਵਧਣ ਨਾਲ ਪੰਜਾਬ ਵਿੱਚ 3-ਫ਼ਸਲੀ ਚੱਕਰ ਆਲੂ, ਮੱਕੀ ਤੇ ਝੋਨਾ ਉੱਭਰ ਕੇ ਅੱਗੇ ਆ ਰਿਹਾ ਹੈ। ਇਸ ਨਾਲ ਜ਼ਮੀਨੀ ਪਾਣੀ ਦਾ ਪੱਧਰ ਹੋਰ ਘਟਣ ਦਾ ਅੰਦੇਸ਼ਾ ਹੈ, ਜੋ ਭਵਿੱਖ ਵਿੱਚ ਪੰਜਾਬ ਦੀ ਖੇਤੀ 'ਤੇ ਭਾਰੀ ਪਵੇਗਾ। ਡਾਇਰੈਕਟਰ ਬਰਾੜ ਕਹਿੰਦੇ ਹਨ ਕਿ ਖਾਰੇ ਪਾਣੀ ਵਾਲੇ ਜ਼ਿਲ੍ਹਿਆਂ ਤੋਂ ਇਲਾਵਾ ਮੱਕੀ ਦੇ ਹਾਈਬ੍ਰਿਡ ਦੀ ਬਹਾਰ ਰੁਤ ਵਿੱਚ ਕਾਸ਼ਤ ਨਹੀਂ ਹੋਣੀ ਚਾਹੀਦੀ। ਇਹ ਵੀ ਕਿ ਬਾਸਮਤੀ ਦੀ ਕਾਸ਼ਤ ਹੇਠ ਰਕਬਾ ਵਧਣ ਨਾਲ ਯਕੀਨਨ ਪਾਣੀ ਦਾ ਸੰਕਟ ਘੱਟੇਗਾ, ਕਿਉਂਕਿ ਬਾਸਮਤੀ ਕਈ ਸਥਿਤੀਆਂ ਵਿੱਚ ਮੌਨਸੂਨ ਦੇ ਮੀਹਾਂ ਨਾਲ ਹੀ ਹੋ ਜਾਂਦੀ ਹੈ, ਪਰ ਇਸ ਲਈ ਲਾਹੇਮੰਦ ਮੰਡੀਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਕਿਸਾਨ ਬਾਸਮਤੀ 'ਤੇ ਐਮ ਐਸ ਪੀ ਦੀ ਮੰਗ ਕਰ ਰਹੇ ਹਨ, ਜੋ ਕੇਂਦਰ ਸਰਕਾਰ ਨੂੰ ਵਿਚਾਰਨ ਦੀ ਲੋੜ ਹੈ। ਪਰ ਬਾਸਮਤੀ ਦੀ ਕਾਸ਼ਤ ਹੇਠ ਜਦੋਂ ਰਕਬਾ ਵੱਧਦਾ ਹੈ ਤਾਂ ਮੰਡੀ ਵਿੱਚ ਇਸ ਦਾ ਭਾਅ ਡਿੱਗ ਜਾਂਦਾ ਹੈ। ਭਾਵੇਂ ਬਾਸਮਤੀ ਚੌਲਾਂ ਦੀ ਖ਼ਪਤ ਘਰੇਲੂ ਤੇ ਦੂਜੇ ਮੁਲਕਾਂ ਵਿੱਚ ਵਧ ਰਹੀ ਹੈ, ਪਰ ਕਿਸਾਨਾਂ ਨੂੰ ਡਰ ਹੈ ਕਿ ਪੱਛਮੀ ਏਸ਼ੀਆ ਦੀ ਜੰਗ ਕਾਰਨ ਬਰਾਮਦ ਘਟਣ 'ਤੇ ਕਿਤੇ ਭਾਅ ਡਿੱਗ ਨਾ ਜਾਵੇ। ਜੋ ਆਈ.ਸੀ.ਏ.ਆਰ.-ਆਈ.ਏ.ਆਰ.ਆਈ. ਨੇ ਬਾਸਮਤੀ ਦੀਆਂ ਵਧੇਰੇ ਲਾਹੇਵੰਦ ਕਿਸਮਾਂ ਜਿਵੇਂ ਪੀਬੀ-1121, ਪੀਬੀ-1885 ਤੇ ਪੀਬੀ-1509 ਆਦਿ ਵਿਕਸਿਤ ਕੀਤੀਆਂ, ਉਸ ਦੇ ਬਾਵਜੂਦ ਬਾਸਮਤੀ ਦਾ ਭਾਅ ਡਿਗਣ ਨਾਲ ਕਿਸਾਨਾਂ ਵਿੱਚ ਇਹ ਸੁਪਰ ਫਾਈਨ ਕਿਸਮਾਂ ਬੀਜਣ ਲਈ ਉਤਸ਼ਾਹ ਘਟੇਗਾ। ਮੱਕੀ ਦੀਆਂ ਕੁਝ ਹਾਈਬ੍ਰਿਡ ਕਿਸਮਾਂ ਦੀ ਬਹਾਰ ਰੁੱਤ ਵਿੱਚ ਕਾਸ਼ਤ 'ਤੇ ਰੋਕ ਲਾ ਕੇ ਅਤੇ ਬਾਸਮਤੀ 'ਤੇ ਐਮ ਐਸ ਪੀ ਦੇ ਕੇ ਪੰਜਾਬ ਵਿੱਚ ਤੇਜ਼ੀ ਨਾਲ ਵਧ ਰਹੇ 3-ਫ਼ਸਲੀ ਚੱਕਰ ਨੂੰ ਰੋਕਣ ਦੀ ਲੋੜ ਹੈ।

ਰਾਣੀ ਰਹਿਤ ਅਤੇ ਲੇਇੰਗ ਵਰਕਰ ਕਟੁੰਬਾਂ ਦੀ ਸਾਂਭ-ਸੰਭਾਲ

ਗੁਰਮੀਤ ਸਿੰਘ ਅਤੇ ਸੰਜੀਵ ਕੁਮਾਰ ਕਟਾਰੀਆ,
ਫਾਰਮ ਸੇਵਾ ਸਲਾਹਕਾਰ ਕੇਂਦਰ, ਅੰਮ੍ਰਿਤਸਰ (ਮੋ. 98148-25584)

ਸ਼ਹਿਦ ਮੱਖੀਆਂ ਦੇ ਕਟੁੰਬ ਕੁਝ ਕਾਰਨਾਂ ਕਰਕੇ ਰਾਣੀ ਰਹਿਤ ਹੋ ਜਾਂਦੇ ਹਨ। ਇਹਨਾਂ ਰਾਣੀ ਰਹਿਤ ਹੋਏ ਕਟੁੰਬਾਂ ਦੀਆਂ ਮੱਖੀਆਂ ਕਟੁੰਬ ਵਿੱਚ ਮੌਜੂਦ ਇੱਕ ਦਿਨ ਤੋਂ ਛੋਟੀ ਉਮਰ ਦੀਆਂ ਕਾਮਾ ਸੁੰਡੀਆਂ ਨੂੰ ਰਾਇਲ ਜੈਲੀ ਖਵਾਉਣਾ ਸ਼ੁਰੂ ਕਰ ਦਿੰਦੀਆਂ ਹਨ ਅਤੇ ਨਵੀਂ ਰਾਣੀ ਮੱਖੀ ਤਿਆਰ ਕਰ ਲੈਂਦੀਆਂ ਹਨ। ਜੇਕਰ ਕਿਸੇ ਕਾਰਣ ਕਰਕੇ ਰਾਣੀ ਮੱਖੀ ਤਿਆਰ ਨਾ ਹੋ ਸਕੇ ਤਾਂ ਬਕਸੇ ਵਿਚਲੀਆਂ ਕੁਝ ਕਾਮਾ ਮੱਖੀਆਂ ਆਪਣੇ ਜਣਨ ਅੰਗ ਵਿਕਸਿਤ ਕਰ ਲੈਂਦੀਆਂ ਹਨ ਅਤੇ ਆਪ ਹੀ ਅੰਡੇ

ਦੇਣੇ ਸ਼ੁਰੂ ਕਰ ਦਿੰਦੀਆਂ ਹਨ। ਅਜਿਹੇ ਕਟੁੰਬਾਂ ਨੂੰ ਲੇਇੰਗ ਵਰਕਰ ਕਿਹਾ ਜਾਂਦਾ ਹੈ। ਮੱਖੀ ਫਾਰਮ ਵਿੱਚ ਲੇਇੰਗ ਵਰਕਰ ਕਟੁੰਬਾਂ ਦਾ ਹੋਣਾ ਮੱਖੀ ਪਾਲਕ ਦੀ ਅਣਗਹਿਲੀ ਦੀ ਨਿਸ਼ਾਨੀ ਹੈ। ਇਹਨਾਂ ਦੀ ਸਮੇਂ ਸਿਰ ਸੰਭਾਲ ਬਹੁਤ ਜ਼ਰੂਰੀ ਹੈ।

ਲੇਇੰਗ ਵਰਕਰ ਕਟੁੰਬਾਂ ਦੀ ਪਛਾਣ

ਰਾਣੀ ਰਹਿਤ ਮੱਖੀਆਂ ਦਾ ਸੁਭਾਅ ਗੁਸੈਲਾ ਹੋ ਜਾਂਦਾ ਹੈ। ਅਜਿਹੇ ਕਟੁੰਬ ਵਿੱਚ ਗਾਰਡ (ਪਹਿਰੇਦਾਰ) ਮੱਖੀਆਂ ਦੀ ਗਿਣਤੀ ਸਾਧਾਰਨ ਕਟੁੰਬਾਂ ਨਾਲੋਂ ਵਧ ਜਾਂਦੀ ਹੈ। ਕਟੁੰਬ ਅਨੁਸ਼ਾਸਨਹੀਣ ਹੋ ਜਾਂਦਾ ਹੈ। ਲੇਇੰਗ ਵਰਕਰ ਮੱਖੀਆਂ ਅੰਡੇ ਵਾਲੇ ਜਾਂ ਅੰਡੇ ਰਹਿਤ ਸੈੱਲ ਦੀ ਪਛਾਣ ਨਹੀਂ ਕਰ ਸਕਦੀਆਂ। ਲੇਇੰਗ ਵਰਕਰ ਮੱਖੀਆਂ ਅੰਡਾ ਪਾਉਣ ਵੇਲੇ ਸੈੱਲ ਦੇ ਆਕਾਰ ਦੀ ਪਹਿਚਾਣ ਨਹੀਂ ਕਰ ਪਾਉਂਦੀਆਂ ਜਿਹਨਾਂ ਵਿੱਚੋਂ ਕੇਵਲ ਛੋਟੇ ਆਕਾਰ ਦੇ ਕਮਜ਼ੋਰ ਕਿਸਮ ਦੇ ਨਿਖੱਟੂ ਹੀ ਪੈਦਾ ਹੁੰਦੇ ਹਨ।

ਕਟੁੰਬਾਂ ਦੇ ਰਾਣੀ ਰਹਿਤ ਹੋਣ ਦੇ ਕਾਰਨ

ਸ਼ਹਿਦ ਮੱਖੀਆਂ ਦਾ ਕਟੁੰਬ ਕਈ ਕਾਰਨਾਂ ਕਰਕੇ ਰਾਣੀ ਰਹਿਤ ਹੋ ਸਕਦਾ ਹੈ ਜਿਵੇਂ ਕਿ ਕਟੁੰਬ ਦਾ ਨਿਰੀਖਣ ਕਰਨ ਵੇਲੇ ਕਈ ਵਾਰ ਰਾਣੀ ਮੱਖੀ ਫਰੇਮ ਤੋਂ ਹੇਠਾਂ ਡਿੱਗ ਪੈਂਦੀ ਹੈ ਜਿੱਥੇ ਇਹ ਪੈਰਾਂ ਹੇਠ ਆ ਕੇ ਮਰ ਜਾਂਦੀ ਹੈ ਜਾਂ ਕਟੁੰਬਾਂ ਦੀ ਢੋਆ ਢੁਆਈ ਸਮੇਂ ਜੇਕਰ ਪੂਰੀਆਂ ਸਾਵਧਾਨੀਆਂ ਨਾ ਵਰਤੀਆਂ ਜਾਣ ਤਾਂ ਰਾਣੀ ਮੱਖੀ ਫਰੇਮਾਂ ਵਿੱਚ ਮਸਲੀ ਜਾਂਦੀ ਹੈ। ਕਈ ਵਾਰ ਗਰਭਤ ਹੋਣ ਗਈ ਰਾਣੀ ਮੱਖੀ ਕਿਸੇ ਪੰਛੀ ਜਾਂ ਹੋਰ ਜੀਵ ਦੇ ਅੜਿੱਕੇ ਚੜ੍ਹ ਜਾਂਦੀ ਹੈ ਅਤੇ ਕਟੁੰਬ ਵਿੱਚ ਵਾਪਸ ਨਹੀਂ ਆ ਪਾਉਂਦੀ ਜਾਂ ਰੋਬਿੰਗ ਕਰਨ ਆਈਆਂ ਚੋਰ ਮੱਖੀਆਂ ਰਾਣੀ ਮੱਖੀ ਨੂੰ ਮਾਰ ਦਿੰਦੀਆਂ ਹਨ ਜਾਂ ਸਵਾਰਮਿੰਗ ਨਾਲ ਪੁਰਾਣਾ ਬਕਸਾ ਰਾਣੀ ਰਹਿਤ ਹੋ ਜਾਂਦਾ ਹੈ। ਪੁਰਾਣੇ ਬਕਸੇ ਵਿੱਚ ਰਾਣੀ ਮੱਖੀ ਸੈੱਲ ਤਾਂ ਹੁੰਦੇ ਹਨ ਪਰ ਜ਼ਰੂਰੀ ਨਹੀਂ ਕਿ ਇਨ੍ਹਾਂ ਵਿੱਚੋਂ ਰਾਣੀ ਮੱਖੀ ਨਿਕਲ ਕੇ ਗਰਭਤ ਹੋ ਜਾਵੇ। ਇਸ ਲਈ ਪਹਿਲਾਂ ਵਰਨਣ ਕੀਤੇ ਗਏ ਤਰੀਕਿਆਂ ਅਨੁਸਾਰ ਸਵਾਰਮਿੰਗ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ।

ਕਟੁੰਬਾਂ ਦਾ ਸੁਧਾਰ

ਰਾਣੀ ਕਟੁੰਬਾਂ ਦਾ ਸੁਧਾਰ : ਉੱਪਰ ਵਰਨਣ ਕੀਤੇ ਗਏ ਕਾਰਨਾਂ ਕਰਕੇਕਈ ਵਾਰੀ ਕਟੁੰਬ ਰਾਣੀ ਰਹਿਤ ਹੋ ਜਾਂਦੇ ਹਨ। ਕਟੁੰਬਾਂ ਵਿੱਚ ਠੀਕ ਅੰਡੇ ਨਾ ਹੋਣ ਦੀ ਸੂਰਤ ਵਿੱਚ ਕਿਸੇ ਰਾਣੀ ਸ਼ੁਦਾ ਕਟੁੰਬ ਵਿੱਚੋਂ ਅੰਡਿਆਂ ਵਾਲਾ ਫਰੇਮ ਕੱਢ ਕੇ ਰਾਣੀ ਰਹਿਤ ਕਟੁੰਬ ਵਿੱਚ ਪਾ ਦੇਣ ਨਾਲ ਵੀ ਕਟੁੰਬ ਦਾ ਸੁਧਾਰ ਹੋ ਜਾਂਦਾ ਹੈ। ਦੂਸਰੇ ਕਟੁੰਬਾਂ ਵਿੱਚੋਂ ਵਾਧੂ ਰਾਣੀ ਸੈੱਲ ਕੱਟ ਕੇ ਰਾਣੀ ਰਹਿਤ ਕਟੁੰਬ ਨੂੰ ਦੇਣ ਨਾਲ ਰਾਣੀ ਜਲਦੀ ਤਿਆਰ ਹੋ ਜਾਂਦੀ ਹੈ ਅਤੇ ਮੱਖੀਆਂ ਨੂੰ ਜ਼ਿਆਦਾ ਮਿਹਨਤ ਵੀ ਨਹੀਂ ਕਰਨੀ ਪੈਂਦੀ।

ਨਿਖੱਟੂ ਦੀ ਹੋਂਦ ਹੋਣ ਤੇ ਪ੍ਰਬੰਧ

ਇਹਨਾਂ ਮੱਖੀ ਰਹਿਤ ਹੋਏ ਫਰੇਮਾਂ ਤੋਂ ਲੇਇੰਗ ਵਰਕਰ ਮੱਖੀਆਂ ਦਾ ਬਰੂਡ ਹੋਵੇਗਾ ਜਿਸ ਨੂੰ ਖੁਰਪੀ ਨਾਲ ਨਸ਼ਟ ਕਰ ਦੇਣਾ ਚਾਹੀਦਾ ਹੈ ਅਤੇ ਇਹ ਫਰੇਮ ਕਿਸੇ ਰਾਣੀ ਸ਼ੁਦਾ ਕਟੁੰਬ ਨੂੰ ਦੇ ਦੇਣੇ ਚਾਹੀਦੇ ਹਨ ਤਾਂ ਕਿ ਉਸ ਕਟੁੰਬ ਦੀਆਂ ਕਾਮਾ ਮੱਖੀਆਂ ਦੀ ਸਫਾਈ ਕਰ ਸਕਣ। ਲੇਇੰਗ ਵਰਕਰ ਮੱਖੀਆਂ ਦਾ ਸਰੀਰ ਅੰਡਿਆਂ ਨਾਲ ਭਾਰਾ ਹੋਣ ਕਰਕੇ ਇਹ ਉੱਡ ਕੇ ਵਾਪਸ ਬਕਸੇ ਵਿੱਚ ਨਹੀਂ ਆ ਸਕਦੀਆਂ ਪਰ ਠੀਕ ਕਾਮਾ ਮੱਖੀਆਂ ਵਾਪਸ ਬਕਸੇ ਵਿੱਚ ਆ ਜਾਣਗੀਆਂ। ਇਸ ਤਰ੍ਹਾਂ ਇਹ ਕਟੁੰਬ ਲੇਇੰਗ ਵਰਕਰ ਮੱਖੀਆਂ ਤੋਂ ਛੁਟਕਾਰਾ ਹਾਸਿਲ ਕਰ ਲੈਂਦਾ ਹੈ।

ਨਿਖੱਟੂ ਮੱਖੀਆਂ ਦੀ ਅਣਹੋਂਦ ਹੋਣ ਤੇ ਪ੍ਰਬੰਧ

ਜੁਲਾਈ ਤੋਂ ਅਗਸਤ ਮਹੀਨਿਆਂ ਦੇ ਦੌਰਾਨ ਕਟੁੰਬ ਵਿੱਚ ਨਿਖੱਟੂ ਮੱਖੀਆਂ ਮੌਜੂਦ ਨਹੀਂ ਹੁੰਦੀਆਂ। ਇਸ ਲਈ ਜੇਕਰ ਲੇਇੰਗ ਵਰਕਰ ਕਟੁੰਬ ਵਿੱਚ ਸਫਲਤਾ ਪੂਰਵਕ ਰਾਣੀ ਮੱਖੀ ਤਿਆਰ ਕਰ ਵੀ ਲਈ ਜਾਵੇ ਤਾਂ ਇਹ ਨਿਖੱਟੂ ਮੱਖੀਆਂ ਦੀ ਅਣਹੋਂਦ ਵਿੱਚ ਗਰਭਤ ਨਹੀਂ ਹੋ ਪਾਵੇਗੀ ਅਤੇ ਕਟੁੰਬ ਨੂੰ ਇਸ ਦਾ ਕੋਈ ਫਾਇਦਾ ਨਹੀਂ ਮਿਲਣ ਲੱਗਾ। ਇਸ ਲਈ ਅਜਿਹੇ ਸਮੇਂ ਬੇਕਾਰ ਹੋ ਚੁੱਕੇ ਲੇਇੰਗ ਵਰਕਰ ਕਟੁੰਬਾਂ ਨੂੰ ਰਾਣੀ ਸ਼ੁਦਾ ਤਕੜੇ ਕਟੁੰਬਾਂ ਨਾਲ ਮਿਲਾ ਦੇਣਾ ਚਾਹੀਦਾ ਹੈ। ਤਕੜੇ ਕਟੁੰਬ ਲੇਇੰਗ ਵਰਕਰ ਦਾ ਬਰੂਡ ਆਸਾਨੀ ਨਾਲ ਬਾਹਰ ਸੁੱਟ ਦੇਂਦੇ ਹਨ ਅਤੇ ਛੱਤਿਆਂ ਨੂੰ ਸਾਫ ਕਰ ਲੈਂਦੇ ਹਨ। ਲੇਇੰਗ ਵਰਕਰ ਕਟੁੰਬਾਂ ਨੂੰ ਕਮਜ਼ੋਰ ਕਟੁੰਬਾਂ ਨਾਲ ਨਹੀਂ ਮਿਲਾਉਣਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਲੇਇੰਗ ਵਰਕਰ ਮੱਖੀਆਂ ਕਮਜ਼ੋਰ ਕਟੁੰਬ ਦੀ ਰਾਣੀ ਮੱਖੀ ਨੂੰ ਮਾਰ ਸਕਦੀਆਂ ਹਨ। ਤਕੜੇ ਕਟੁੰਬ ਨਾ ਹੋਣ ਦੀ ਹਾਲਤ ਵਿੱਚ ਲੇਇੰਗ ਵਰਕਰ ਮੱਖੀਆਂ ਦੀਆਂ ਫਰੇਮਾਂ ਵੰਡ ਕੇ ਇੱਕ ਤੋਂ ਵੱਧ ਕਮਜ਼ੋਰ ਕਟੁੰਬਾਂ (ਫਰੇਮਾਂ ਦੀ ਗਿਣਤੀ ਅਨੁਸਾਰ) ਨੂੰ ਦੇ ਦੇਣੀਆਂ ਚਾਹੀਦੀਆਂ ਹਨ।

ਨਵਾਂ ਬਾਗ ਲਗਾਉਣ ਸਮੇਂ ਧਿਆਨ ਦੇਣਯੋਗ ਜ਼ਰੂਰੀ ਤਕਨੀਕੀ ਨੁਕਤੇ

ਜੇਕਰ ਤੁਸੀਂ ਨਵਾਂ ਬਾਗ ਲਗਾਉਣਾ ਹੈ ਜਾਂ ਘਰੇਲੂ ਪੱਧਰ 'ਤੇ ਫਲਦਾਰ ਬੂਟੇ ਲਗਾਉਣੇ ਹਨ ਤਾਂ ਤੁਹਾਨੂੰ ਇਸ ਸਮੇਂ ਅਗੇਤੀ ਤੌਰ 'ਤੇ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਲੈਣਾ ਚਾਹੀਦਾ ਹੈ, ਤਾਂ ਕਿ ਤੁਹਾਨੂੰ ਬਾਗ ਲਗਾਉਣ ਤੋਂ ਪਹਿਲਾਂ ਮਿੱਟੀ/ਪਾਣੀ ਟੈਸਟ ਕਰਵਾਉਣ ਸਬੰਧੀ ਮੁੱਢਲੀ ਜਾਣਕਾਰੀ ਪ੍ਰਾਪਤ ਹੋ ਸਕੇ। ਇਸ ਤੋਂ ਬਿਨਾਂ ਫਲਦਾਰ ਬੂਟਿਆਂ ਦੀ ਵਰਾਇਟੀ ਅਤੇ ਬੂਟਿਆਂ ਦੀ ਉਪਲੱਬਧੀ ਸਬੰਧੀ ਗਿਆਨ ਵਿੱਚ ਵਾਧਾ ਹੋ ਸਕੇ।

ਫਲਦਾਰ ਬੂਟੇ ਦੋ ਕਿਸਮ ਦੇ ਹੁੰਦੇ ਹਨ। ਪਹਿਲੇ ਸਦਾਬਹਾਰ ਬੂਟੇ ਜਿਵੇਂ ਅੰਬ, ਅਮਰੂਦ, ਕਿੰਨੂ, ਮਾਲਟਾ, ਲੀਚੀ ਆਦਿ ਅਤੇ ਦੂਸਰੇ ਪੱਤਝੜ ਵਾਲੇ ਬੂਟੇ ਜਿਨ੍ਹਾਂ ਦੇ ਪੱਤੇ ਸਰਦੀਆਂ ਵਿਚ ਝੜ ਜਾਂਦੇ ਹਨ, ਜਿਵੇਂ ਆੜੂ, ਨਾਖ / ਬਗੂਗੋਸ਼ਾ, ਅੰਗੂਰ, ਅਨਾਰ, ਆਲੂ ਬੁਖਾਰਾ, ਫਾਲਸਾ, ਅੰਜੀਰ ਆਦਿ। ਸਦਾਬਹਾਰ ਬੂਟੇ ਆਮ ਤੌਰ 'ਤੇ ਜੁਲਾਈ, ਅਗਸਤ ਅਤੇ ਸਤੰਬਰ ਮਹੀਨੇ ਸਫਲਤਾ-ਪੂਰਵਕ ਉਗਾਏ ਜਾ ਸਕਦੇ ਹਨ, ਪਰ ਪੱਤਝੜ ਵਾਲੇ ਬੂਟੇ ਜਨਵਰੀ, ਫਰਵਰੀ ਅਤੇ ਮਹੀਨੇ ਆਸਾਨੀ ਨਾਲ ਉਗਾਏ ਜਾ ਸਕਦੇ ਹਨ।

ਉਕਤ ਬੂਟੇ ਬਾਗਬਾਨੀ ਮਾਹਿਰਾਂ ਦੀ ਸਲਾਹ ਦੇ ਅਨੁਸਾਰ ਹੀ ਇਲਾਕੇ, ਮਿੱਟੀ ਦੀ ਕਿਸਮ ਅਤੇ ਮੌਸਮ ਅਨੁਸਾਰ ਲਾਉਣੇ ਚਾਹੀਦੇ ਹਨ। ਬਾਗਬਾਨੀ ਵਿਕਾਸ ਅਫਸਰ ਤਕਰੀਬਨ ਸਾਰੇ ਬਲਾਕਾਂ ਵਿਚ ਤਾਇਨਾਤ ਹਨ ਜਿਹੜੇ ਹਰ ਕਿਸਮ ਦੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਜਿਵੇਂ ਮਿੱਟੀ-ਪਾਣੀ ਟੈਸਟ ਕਰਵਾਉਣਾ, ਨਵੇਂ ਲਗਾਉਣ ਵਾਲੇ ਬਾਗ ਦੀ ਲੇਅ-ਆਊਟ ਕਰਨੀ, ਜੇਕਰ ਕਿਸੇ ਕੀੜੇ-ਮਕੌੜੇ ਜਾਂ ਬਿਮਾਰੀ ਦਾ ਹਮਲਾ ਹੁੰਦਾ ਹੈ ਤਾਂ ਟੈਕਨੀਕਲੀ ਇਲਾਜ ਕਰਨਾ ਜਾਂ ਬਾਗ ਲਗਾਉਣ ਲਈ ਬਣਦੀ ਉਪਦਾਨ ਦੀ ਰਕਮ ਦੇਣੀ ਆਦਿ। ਇਸ ਲਈ ਬਾਗਬਾਨੀ ਅਫਸਰਾਂ ਦੀ ਸਲਾਹ ਨਾਲ ਹੀ ਨਵੇਂ ਬਾਗਬਾਨਾਂ ਨੂੰ ਚੱਲਣਾ ਚਾਹੀਦਾ ਹੈ ਨਾ ਕਿ ਕੀੜੇਮਾਰ ਦਵਾਈਆਂ ਦੇ ਦੁਕਾਨਦਾਰਾਂ ਜਾਂ ਬਾਗਾਂ ਦੇ ਠੇਕੇਦਾਰਾਂ ਅਨੁਸਾਰ। ਜ਼ਿਲ੍ਹਾ ਪੱਧਰ 'ਤੇ ਸਹਾਇਕ ਡਾਇਰੈਕਟਰ ਬਾਗਬਾਨੀ/ਉਪ ਡਾਇਰੈਕਟਰ ਬਾਗਬਾਨੀ ਵੀ ਤਾਇਨਾਤ ਹਨ, ਜੋ ਕਿ ਹਰ ਸਮੇਂ ਜ਼ਿਮੀਂਦਾਰਾਂ ਦੀ ਸੇਵਾ ਲਈ ਤਤਪਰ ਹਨ। ਬਾਗ ਲਗਾਉਣ ਲਈ ਹੇਠ ਲਿਖੇ ਤਕਨੀਕੀ ਨੁਕਤਿਆਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ :-

ਡਾ: ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ
ਬਾਗਬਾਨੀ ਪਟਿਆਲਾ
ਮੋ: 75080-18903

1. ਹਵਾ ਰੋਕੋ ਵਾੜਾਂ ਲਾਉਣੀਆਂ

ਜਦੋਂ ਤੁਹਾਡਾ ਨਵਾਂ ਬਾਗ ਲਗਾਉਣ ਦਾ ਇਰਾਦਾ ਬਣਦਾ ਹੈ ਤਾਂ ਉਸ ਤੋਂ ਪਹਿਲਾਂ ਹੀ ਹਵਾ ਰੋਕੋ ਵਾੜਾਂ ਆਪਣੇ ਖੇਤ ਦੇ ਆਲੇ-ਦੁਆਲੇ ਲਗਾ ਲੈਣੀਆਂ ਚਾਹੀਦੀਆਂ ਹਨ। ਹਵਾ ਰੋਕੋ ਵਾੜਾਂ ਲਈ ਦੇਸੀ ਅੰਬ, ਜਾਮਨ, ਬਿੱਲ, ਦੇਸੀ ਆਂਵਲਾ, ਕਟਹਲ ਆਦਿ ਲਗਾਏ ਜਾ ਸਕਦੇ ਹਨ। ਇਨ੍ਹਾਂ ਦਾ ਜ਼ਿਆਦਾ ਫਾਇਦਾ ਇਹ ਹੋਵੇਗਾ ਕਿ ਅਸੀਂ ਆਪਣੇ ਬਾਗਾਂ ਨੂੰ ਗਰਮ ਅਤੇ ਠੰਡੀਆਂ ਹਵਾਵਾਂ ਤੋਂ ਬਚਾ ਸਕਾਂਗੇ, ਹਨੇਰੀਆਂ ਨਾਲ ਟਾਹਣੀਆਂ ਅਤੇ ਫਲ ਨਹੀਂ ਟੁੱਟੇਗਾ ਅਤੇ ਇਨ੍ਹਾਂ ਨੂੰ ਲੱਗਣ ਵਾਲੇ ਫਲ ਤੋਂ ਵਾਧੂ ਆਮਦਨ ਵੀ ਪ੍ਰਾਪਤ ਕਰ ਸਕਾਂਗੇ।

2. ਟੋਏ ਪੁੱਟਣੇ

ਨਵਾਂ ਬਾਗ ਲਗਾਉਣ ਸਮੇਂ ਨਿਰਧਾਰਿਤ ਫਾਸਲੇ 'ਤੇ 3'×3' ਦੇ ਟੋਏ ਜ਼ਰੂਰ ਪੁੱਟ ਲੈਣੇ ਚਾਹੀਦੇ ਹਨ। ਇਹ ਟੋਏ ਬੂਟੇ ਲਾਉਣ ਤੋਂ 15 ਦਿਨ ਪਹਿਲਾਂ ਪੁੱਟਣੇ ਚਾਹੀਦੇ ਹਨ। ਇੱਕ ਹਫਤਾ ਟੋਇਆਂ ਨੂੰ ਧੁੱਪ ਲੱਗਣ ਤੋਂ ਬਾਅਦ ਹੀ ਟੋਏ ਭਰਨੇ ਚਾਹੀਦੇ ਹਨ ਤਾਂਕਿ ਕੀੜੇ-ਮਕੌੜੇ/ਉੱਲੀਆਂ, ਮਰ ਜਾਣ। ਇਨ੍ਹਾਂ ਟੋਇਆਂ ਨੂੰ 1/3 ਦੇਸੀ ਖਾਦ, 1/3 ਹਿੱਸਾ ਭਲ ਅਤੇ ਉਪਰਲੀ ਡੇਢ ਫੁੱਟ ਦੀ ਮਿੱਟੀ ਵਿਚ ਮਿਕਸ ਕਰਕੇ ਦੁਬਾਰਾ ਭਰਨੇ ਚਾਹੀਦੇ ਹਨ। ਟੋਇਆਂ ਵਿਚ ਬੂਟੇ ਲਾਉਣ ਤੋਂ ਪਹਿਲਾਂ ਪਾਣੀ ਜ਼ਰੂਰ ਲਾਉਣਾ ਚਾਹੀਦਾ ਹੈ, ਜਿਸ ਨਾਲ ਟੋਇਆਂ ਦੀ ਮਿੱਟੀ ਬੈਠ ਜਾਵੇਗੀ ਅਤੇ ਰੂੜੀ ਦੀ ਗਰਮਾਇਸ਼ ਵੀ ਖਤਮ ਹੋ ਜਾਵੇਗੀ। ਪਾਣੀ ਦੇਣ ਤੋਂ 3-4 ਦਿਨਾਂ ਬਾਅਦ ਇਨ੍ਹਾਂ ਟੋਇਆਂ ਵਿੱਚ ਬੂਟੇ ਲਾਉਣੇ ਚਾਹੀਦੇ ਹਨ।

3. ਬੂਟਿਆਂ ਦੀ ਢੁਆਈ

ਬਾਗ ਲਗਾਉਣ ਸਮੇਂ ਤੁਹਾਨੂੰ ਸਰਕਾਰੀ ਨਰਸਰੀ ਵਿੱਚੋਂ ਫਲਦਾਰ ਬੂਟੇ ਲੈ ਕੇ ਆਉਣੇ ਚਾਹੀਦੇ ਹਨ ਤਾਂ ਉਸ ਸਮੇਂ ਤੁਹਾਡੇ ਬੂਟੇ ਲਿਆਉਣ ਦੇ ਸਾਧਨ ਜਿਵੇਂ ਟਰਾਲੀ ਜਾਂ ਟੈਂਪੂ ਵਿਚ ਪਰਾਲੀ ਜਾਂ ਮਿੱਟੀ ਜ਼ਰੂਰ ਪਾ ਲੈਣੀ ਚਾਹੀਦੀ ਹੈ, ਜਿਸ ਨਾਲ ਬੂਟਿਆਂ ਦੀ ਗਾਚੀ ਟੁੱਟਣ ਤੋਂ ਬਚ ਜਾਵੇਗੀ। ਜੇਕਰ ਆਪ ਨੇ ਅਜਿਹਾ ਨਾ ਕੀਤਾ ਤਾਂ ਤੁਹਾਡੇ ਬੂਟਿਆਂ ਦੀ ਮਰਨ ਦਰ ਬਹੁਤ ਜ਼ਿਆਦਾ ਹੋਵੇਗੀ। ਇਸ ਤੋਂ ਬਿਨ੍ਹਾਂ ਜੇਕਰ ਆਪ ਨੇ ਪੱਤਝੜ ਵਾਲੇ ਬੂਟੇ ਨਰਸਰੀ ਵਿੱਚੋਂ ਲਿਆਉਣੇ ਹਨ ਤਾਂ ਉਹਨਾਂ ਦੀਆਂ ਜੜ੍ਹਾਂ ਨੂੰ ਬੋਰੀ ਨਾਲ ਲਪੇਟ ਕੇ ਲਿਆਉਣਾ ਚਾਹੀਦਾ ਹੈ, ਨਹੀਂ ਤਾਂ ਜੜ੍ਹਾਂ ਨੂੰ ਹਵਾ ਲੱਗ ਕੇ ਬੂਟੇ ਮਰ ਸਕਦੇ ਹਨ। ਇਹ ਵੀ ਬਹੁਤ ਜ਼ਰੂਰੀ ਗੱਲ ਹੈ ਕਿ ਜਦੋਂ ਨਰਸਰੀ ਦੇ ਬੂਟੇ ਆਪਣੇ ਬਣਦੇ ਰਕਬੇ ਲਈ ਲੈਣੇ ਹਨ ਤਾਂ ਘੱਟੋ-ਘੱਟ 10 ਪ੍ਰਤੀਸ਼ਤ ਬੂਟੇ ਵਾਧੂ ਲੈ ਲਉ, ਕਿਉਂਕਿ ਜਦੋਂ ਕੋਈ ਬੂਟਾ ਮਰਦਾ ਹੈ ਤਾਂ ਉਸੇ ਸਮੇਂ ਉਸ ਦੇ ਨਾਲ ਦੇ ਹੀ ਬੂਟੇ ਨਾਗੇ ਵਾਲੀ ਥਾਂ 'ਤੇ ਲਾਏ ਜਾ ਸਕਦੇ ਹਨ, ਨਹੀਂ ਤਾਂ ਕਈ ਵਾਰ ਇੱਕ-ਇੱਕ ਸਾਲ ਦਾ ਗੈਪ ਪੈ ਜਾਂਦਾ ਹੈ।

4. ਬੂਟੇ ਲਾਉਣਾ

ਸਦਾਬਹਾਰ ਬੂਟੇ ਹਮੇਸ਼ਾਂ ਦੁਪਹਿਰ ਤੋਂ ਬਾਅਦ ਹੀ ਲਾਉਣੇ ਚਾਹੀਦੇ ਹਨ, ਕਿਉਂਕਿ ਬੂਟੇ ਰਾਤ ਸਮੇਂ ਘੱਟ ਤਾਪਮਾਨ 'ਤੇ ਸੈਟ ਹੋ ਜਾਂਦੇ ਹਨ। ਖੇਤ ਵਿਚ ਬੂਟੇ ਲਾਉਣ ਤੋਂ ਬਾਅਦ ਸਿਉਂਕ ਤੋਂ ਬਚਾਅ ਲਈ ਕਲੋਰੋਪਾਈਰੀਫਾਸ 20 ਈ. ਸੀ. 20 ਮਿਲੀਲਿਟਰ ਪ੍ਰਤੀ 10 ਲਿਟਰ ਪਾਣੀ ਦੇ ਹਿਸਾਬ ਨਾਲ ਪ੍ਰਤੀ ਬੂਟਾ ਪਾ ਦੇਣੀ ਚਾਹੀਦੀ ਹੈ। ਇਹ ਦਵਾਈ ਸਾਲ ਵਿਚ ਘੱਟੋ-ਘੱਟ 2 ਵਾਰ ਜ਼ਰੂਰ ਪਾ ਦੇਣੀ ਚਾਹੀਦੀ ਹੈ, ਦਸੰਬਰ ਮਹੀਨੇ ਅਤੇ ਜੁਲਾਈ ਜਾਂ ਅਗਸਤ ਵਿੱਚ।

5. ਬੂਟਿਆਂ ਨੂੰ ਪਾਣੀ ਲਾਉਣਾ

ਬੂਟਿਆਂ ਨੂੰ ਪਾਣੀ ਦੇਣ ਲਈ ਇਨ੍ਹਾਂ ਦੀਆਂ ਖਾਲਾਂ ਵੱਖਰੀਆਂ ਹੀ ਬਣਾ ਦੇਣੀਆਂ ਚਾਹੀਦੀਆਂ ਹਨ ਤਾਂਕਿ ਲੋੜ ਅਨੁਸਾਰ ਬੂਟਿਆਂ ਨੂੰ ਪਾਣੀ ਦਿੱਤਾ ਜਾ ਸਕੇ। ਜੇਕਰ ਬਾਗ ਵਿੱਚ ਕੋਈ ਹੋਰ ਫ਼ਸਲ ਬੀਜੀ ਹੈ ਤਾਂ ਉਸ ਦਾ ਪਾਣੀ ਦਾ ਪ੍ਰਬੰਧ ਅਲੱਗ ਹੀ ਰੱਖੋ, ਨਹੀਂ ਤਾਂ ਕਈ ਵਾਰ ਪਾਣੀ ਦੀ ਵਾਧ-ਘਾਟ ਕਰਕੇ ਬੂਟੇ ਮਰ ਜਾਂਦੇ ਹਨ, ਨਵੇਂ ਲਗਾਏ ਬਾਗ ਵਿੱਚ ਕਦੇ ਵੀ ਜੀਰੀ, ਚਰੀ-ਬਾਜਰਾ, ਕਪਾਹ ਜਾਂ ਬਰਸੀਮ ਨਾ ਬੀਜੋ, ਇਸ ਨਾਲ ਬੂਟਿਆਂ ਦੇ ਮਰਨ ਦੀ ਸੰਭਾਵਨਾ ਵੱਧ ਜਾਵੇਗੀ।

6. ਨਵੇਂ ਬੂਟਿਆਂ ਦੀ ਦੇਖ-ਭਾਲ

ਨਵੇਂ ਲਗਾਏ ਬੂਟਿਆਂ ਦੀ ਦੇਖਭਾਲ ਕਰਕੇ ਰਹੋ, ਜਿਵੇਂ ਕਿ ਪਿਉਂਦ ਤੋਂ ਨੀਚੇ ਕਦੇ ਵੀ ਕੋਈ ਟਾਹਣੀ ਨਾ ਫੁੱਟਣ ਦਿਉ, ਜੇਕਰ ਬੂਟਾ ਟੇਢਾ ਚੱਲਦਾ ਹੈ ਤਾਂ ਉਸ ਨੂੰ ਸੋਟੀ ਨਾਲ ਸਹਾਰਾ ਦਿਉ, ਜੇਕਰ ਕਿਸੇ ਕੀੜੇ-ਮਕੌੜੇ/ਬਿਮਾਰੀ ਦਾ ਹਮਲਾ ਹੈ ਤਾਂ ਮਾਹਿਰਾਂ ਦੀ ਸਿਫਾਰਿਸ਼ ਅਨੁਸਾਰ ਸਪਰੇਅ ਕਰੋ ਅਤੇ ਜ਼ਿਆਦਾ ਗਰਮੀ/ਸਰਦੀ ਸਮੇਂ ਬੂਟਿਆਂ ਨੂੰ ਪਰਾਲੀ ਨਾਲ ਢੱਕ ਕੇ ਰੱਖੋ।

ਮੌਸਮੀ ਹਾਲਾਤ ਦਾ ਝੋਨੇ ਦੇ ਝਾੜ ਤੇ ਪ੍ਰਭਾਵ

ਸਰਬਜੋਤ ਕੌਰ ਸੰਧੂ, ਪਵਨੀਤ ਕੌਰ ਕਿੰਗਰਾ ਅਤੇ ਸੁਖਜੀਤ ਕੌਰ,
ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 99142-33078)

ਪੰਜਾਬ ਵਿੱਚ ਝੋਨੇ ਦਾ ਵਧੇਰੇ ਝਾੜ ਤਾਂ ਹੀ ਸੰਭਵ ਹੈ ਜੇਕਰ ਫ਼ਸਲਾਂ ਦੇ ਵਾਧੇ, ਨਿਸਰਣ ਅਤੇ ਦਾਣੇ ਭਰਨ ਦੌਰਾਨ ਵੱਧ ਤੋਂ ਵੱਧ ਤਾਪਮਾਨ ਕ੍ਰਮਵਾਰ 34-40, 33-35 ਅਤੇ 32-35 ਡਿਗਰੀ ਸੈਂਟੀਗਰੇਡ, ਘੱਟ ਤੋਂ ਘੱਟ ਤਾਪਮਾਨ ਕ੍ਰਮਵਾਰ 23-28, 25-27 ਅਤੇ 20-25 ਡਿਗਰੀ ਸੈਂਟੀਗਰੇਡ ਅਤੇ ਸੂਰਜੀ ਘੰਟੇ ਕ੍ਰਮਵਾਰ 7-11, 6-10 ਅਤੇ 7-10 ਘੰਟੇ ਪ੍ਰਤੀ ਦਿਨ ਰਹੇ ।

ਸਾਰਣੀ : ਝੋਨੇ ਦੇ ਜੀਵਨ ਕਾਲ ਦੌਰਾਨ ਵਰਖਾ ਅਤੇ ਸੂਰਜੀ ਘੰਟਿਆਂ ਦਾ ਵਿਸ਼ਲੇਸ਼ਣ

ਫ਼ਸਲ ਦੀ ਅਵਸਥਾ	ਸੂਰਜੀ ਘੰਟੇ (ਘੰਟੇ)		ਵਰਖਾ (ਮਿ.ਮੀ.)	
	2023	2025	2023	2025
ਬੂਝਾ ਮਾਰਨਾ	124.0	102.7	212.4	208.1
ਸਿੱਟੇ ਪੈਣਾ	244.0	129.4	77.6	450.2
ਦਾਣਾ ਬਣਨਾ	564.0	370.0	55.0	50.2
ਕੁੱਲ ਜੀਵਨ ਕਾਲ	805.9	610.5	452.2	876.1

ਪਿਛਲੇ ਕੁੱਝ ਸਾਲਾਂ ਤੋਂ ਵਿਸ਼ਵ ਪੱਧਰ ਤੇ ਮੌਸਮੀ ਹਾਲਾਤ ਬਦਲ ਰਹੇ ਹਨ ਜਿਸ ਕਰਕੇ ਭਾਰਤ ਅਤੇ ਪੰਜਾਬ ਵਿੱਚ ਵੀ ਕਈ ਤਰ੍ਹਾਂ ਦੇ ਮੌਸਮੀ ਬਦਲਾਅ ਵੇਖੇ ਜਾ ਰਹੇ ਹਨ । ਪੰਜਾਬ ਵਿੱਚ ਮੌਨਸੂਨ ਦੀ ਵਰਖਾ ਵਿੱਚ ਵੀ ਬਹੁਤ ਬਦਲਾਅ ਹੋ ਰਹੇ ਹਨ । ਪਿਛਲੇ 26 ਸਾਲਾਂ ਦੇ ਪੰਜਾਬ ਦੇ ਮੌਨਸੂਨ ਦੀ ਵਰਖਾ ਦੇ ਅੰਕੜੇ ਦੱਸਦੇ ਹਨ ਕਿ ਸਿਰਫ ਤਿੰਨ ਸਾਲਾਂ (2008, 2018 ਅਤੇ 2025) ਵਿੱਚ ਵਰਖਾ ਸਧਾਰਨ ਨਾਲੋਂ ਵੱਧ (>19 ਪ੍ਰਤੀਸ਼ਤ) ਦਰਜ ਹੋਈ ਅਤੇ ਇਸ ਵਿੱਚ ਵੀ 2025 ਦੌਰਾਨ ਪੰਜਾਬ ਵਿੱਚ ਭਾਰੀ ਮੌਨਸੂਨ ਵਰਖਾ ਹੋਈ, ਜਿਹੜੀ ਕਿ ਪੰਜਾਬ ਦੀ ਸਧਾਰਨ ਮੌਨਸੂਨ ਵਰਖਾ ਤੋਂ 41 ਪ੍ਰਤੀਸ਼ਤ ਵੱਧ ਸੀ । ਪੰਜਾਬ ਦੇ ਬਦਲ ਰਹੇ ਮੌਸਮੀ ਹਾਲਾਤ ਝੋਨੇ ਦੀ ਫ਼ਸਲ ਦੇ ਵਾਧੇ ਅਤੇ ਝਾੜ ਨੂੰ ਬਹੁਤ ਪ੍ਰਭਾਵਿਤ ਕਰ ਰਹੇ ਹਨ । ਜਿਸ ਦੇ ਸਿੱਟੇ ਵਜੋਂ ਹਰ ਸਾਲ ਝੋਨੇ ਦੇ ਝਾੜ ਵਿੱਚ ਬਹੁਤ ਉਤਰਾਅ ਚੜ੍ਹਾਅ ਵੇਖੇ ਜਾਂਦੇ ਹਨ । ਸਾਲ 2011 ਤੋਂ ਹੁਣ ਤੱਕ ਲੁਧਿਆਣਾ ਵਿਖੇ ਝੋਨੇ ਦੇ ਝਾੜ ਨੂੰ ਵੇਖੀਏ ਤਾਂ ਪਤਾ ਚੱਲਦਾ ਹੈ ਕਿ ਸਭ ਤੋਂ ਵੱਧ ਝਾੜ ਸਾਲ 2023 (5077 ਕਿਲੋਗ੍ਰਾਮ/ਹੈਕਟੇਅਰ) ਦੌਰਾਨ ਅਤੇ ਸਭ ਤੋਂ ਘੱਟ ਝਾੜ (3811 ਕਿਲੋਗ੍ਰਾਮ/ਹੈਕਟੇਅਰ) 2025 ਦੌਰਾਨ ਰਿਹਾ, ਜਿਸ ਦਾ ਮੁੱਖ ਕਾਰਨ ਵੱਖ-ਵੱਖ ਸਾਲਾਂ ਦੌਰਾਨ ਮੌਸਮੀ ਬਦਲਾਅ ਹੀ ਸਮਝਿਆ ਜਾ ਸਕਦਾ ਹੈ ।

ਇਸ ਤੇ ਮੱਦੇਨਜ਼ਰ ਪੰਜਾਬ ਵਿੱਚ ਝੋਨੇ ਦੇ ਝਾੜ ਅਤੇ ਮੌਸਮੀ ਤੱਤਾਂ ਬਾਰੇ ਵਿਸ਼ਲੇਸ਼ਣ ਕੀਤਾ ਗਿਆ ਅਤੇ ਇਸ ਵਿਸ਼ਲੇਸ਼ਣ ਵਿੱਚ 2023 ਅਤੇ 2025 ਦੇ ਮੌਸਮੀ ਅੰਕੜਿਆਂ ਨੂੰ ਖੰਗਾਲਿਆ ਗਿਆ । 2025 ਦੌਰਾਨ ਝੋਨੇ ਦੀ ਫ਼ਸਲ ਦੇ ਸਿੱਟੇ ਪੈਣ ਅਤੇ ਦਾਣਾ ਬਣਨ ਸਮੇਂ ਦਿਨ ਦਾ ਤਾਪਮਾਨ 2023 ਦੇ ਮੁਕਾਬਲੇ 2-5 ਡਿਗਰੀ ਸੈਂਟੀਗਰੇਡ ਤੱਕ ਘੱਟ ਰਿਕਾਰਡ ਕੀਤਾ ਗਿਆ । ਕਿਸੇ-ਕਿਸੇ ਦਿਨ ਤਾਂ ਦੋਵਾਂ ਸਾਲਾਂ ਵਿੱਚ ਤਾਪਮਾਨ ਦਾ ਫਰਕ 7-10 ਡਿਗਰੀ ਸੈਂਟੀਗਰੇਡ ਤੱਕ ਵੀ ਦਰਜ ਕੀਤਾ ਗਿਆ । ਇਸ ਸਮੇਂ ਦੌਰਾਨ ਸੂਰਜੀ ਘੰਟੇ ਵੀ 3-5 ਘੰਟੇ/ਦਿਨ ਤੱਕ ਘੱਟ ਰਹੇ । ਜਿਸ ਦੇ ਸਿੱਟੇ ਵਜੋਂ ਇਸ ਸਮੇਂ ਦੌਰਾਨ ਪ੍ਰਕਾਸ਼ ਸੰਸਲੇਸ਼ਣ ਦੀ ਪ੍ਰਕਿਰਿਆ ਵੀ ਘੱਟ ਹੋਈ, ਜਿਸ ਦਾ ਸਿੱਧਾ ਅਸਰ ਝੋਨੇ ਦੇ ਉਤਪਾਦਨ ਤੇ ਹੋਇਆ । ਝੋਨੇ ਦੇ ਸਿੱਟੇ ਪੈਣ ਅਤੇ ਦਾਣਾ ਬਣਨ ਸਮੇਂ ਲੁਧਿਆਣਾ ਵਿਖੇ 2023 ਸਾਲ ਵਿੱਚ ਵਰਖਾ 132.6 ਮਿਲੀਮਿਟਰ ਅਤੇ 2025 ਵਿੱਚ 500.4 ਮਿਲੀਮੀਟਰ ਦਰਜ ਕੀਤੀ ਗਈ । ਮੌਸਮੀ ਤੱਤਾਂ ਦਾ ਇਹ ਵਿਸ਼ਲੇਸ਼ਣ ਸਿੱਧ ਕਰਦਾ ਹੈ ਕਿ ਝੋਨੇ ਦੇ ਫ਼ਸਲ ਦੇ ਜੀਵਨ ਕਾਲ ਦੌਰਾਨ ਪਾਣੀ ਦੇ ਨਾਲ-ਨਾਲ ਮੌਸਮੀ ਤੱਤਾਂ ਦਾ ਸਹੀ ਮਾਤਰਾ ਵਿੱਚ ਹੋਣਾ ਵੀ ਬਹੁਤ ਜ਼ਰੂਰੀ ਹੈ ।

ਮੁੱਖ ਮੌਸਮੀ ਤੱਤ ਜੋ ਝੋਨੇ ਦੇ ਵਾਧੇ, ਸਿੱਟੇ ਪੈਣ, ਦਾਣੇ ਪੈਣ ਅਤੇ ਪੱਕਣ ਸਮੇਂ ਸਭ ਤੋਂ ਅਹਿਮ ਭੂਮਿਕਾ ਨਿਭਾਉਂਦਾ ਹੈ ਉਹ ਹੈ ਸੂਰਜੀ ਘੰਟੇ । ਇਸੇ ਲਈ ਵੇਖਿਆ ਗਿਆ ਹੈ ਕਿ ਜਿਹੜੇ ਸਾਲਾਂ ਦੌਰਾਨ ਇਸ ਸਮੇਂ ਸੂਰਜੀ ਘੰਟੇ ਵੱਧ ਹੁੰਦੇ ਹਨ ਉਦੋਂ ਝੋਨੇ ਦਾ ਝਾੜ ਬਹੁਤ ਵਧੀਆ ਰਹਿੰਦਾ ਹੈ । ਸਾਲ 2025 ਵਿੱਚ ਵਰਖਾ ਬਹੁਤ ਹੋਈ ਅਤੇ ਇਸ ਦੇ ਨਾਲ ਹੀ ਜ਼ਿਆਦਾ ਬੱਦਲਬਾਈ ਰਹਿਣ ਕਰਕੇ ਸੂਰਜੀ ਘੰਟੇ ਘੱਟ ਗਏ, ਜਿਸ ਨੇ ਸਿੱਧੇ ਤੌਰ ਤੇ ਫ਼ਸਲ ਦੇ ਝਾੜ ਨੂੰ ਪ੍ਰਭਾਵਿਤ ਕੀਤਾ । ਕਿਉਂਕਿ ਪੰਜਾਬ ਵਿੱਚ ਸਿੰਚਾਈ ਪ੍ਰਬੰਧ ਬਹੁਤ ਵਧੀਆ ਹਨ, ਇਸ ਕਰਕੇ ਇਹ ਵੇਖਿਆ ਗਿਆ ਹੈ ਕਿ ਘੱਟ ਵਰਖਾ ਵਾਲੇ ਸਾਲਾਂ ਦੌਰਾਨ ਸਿੰਚਾਈ ਲਈ ਧਰਤੀ ਹੇਠਲਾ ਪਾਣੀ ਵਰਤਿਆ ਜਾਂਦਾ ਹੈ ਜਿਸ ਨਾਲ ਝੋਨੇ ਦਾ ਝਾੜ ਤਾਂ ਵਧੀਆ ਆ ਜਾਂਦਾ ਹੈ ।

ਜਾਨਵਰ ਕਿਵੇਂ ਕਰਦੇ ਹਨ ਆਪਸ ਵਿੱਚ ਗੱਲਬਾਤ

ਅਮਰੀਕਾ ਵਿੱਚ ਨੌਰਥਵੈਸਟਰਨ ਯੂਨੀਵਰਸਿਟੀ ਦੇ ਖੋਜੀਆਂ ਨੇ ਪਾਇਆ ਹੈ ਕਿ ਵੱਖ-ਵੱਖ ਜਾਨਵਰ ਇੱਕ-ਦੂਜੇ ਨਾਲ ਸੰਚਾਰ ਕਰਦੇ ਸਮੇਂ ਇੱਕ ਹੀ 'ਰਿਦਮ ਪੈਟਰਨ'

ਦੀ ਵਰਤੋਂ ਕਰਦੇ ਹਨ । ਵਿਗਿਆਨੀਆਂ ਦੇ ਅਨੁਸਾਰ, ਹਾਲਾਂਕਿ ਸੰਚਾਰ ਦੇ ਤਰੀਕੇ, ਜਿਵੇਂ ਕਿ ਜੁਗਨੂੰਆਂ ਵਿੱਚ ਰੋਸ਼ਨੀ ਦੀ ਚਮਕ ਅਤੇ ਡੱਡੂਆਂ ਦਾ ਕ੍ਰੋਕਿੰਗ ਵੱਖ-ਵੱਖਰੇ ਹੁੰਦੇ ਹਨ, ਇਹ ਜੀਵ ਲਗਭਗ ਇੱਕੋ ਟੈਂਪੋ (ਲਗਭਗ ਇੱਕੋ 'ਗਤੀ/ਤਾਲ 'ਤੇ ਸਿਗਨਲ ਪੈਦਾ ਕਰਦੇ ਹਨ) 'ਤੇ ਸਿਗਨਲ ਛੱਡਦੇ ਹਨ । ਇਹ ਸੰਚਾਰ ਸੰਕੇਤ 0.5 ਤੋਂ 4 ਹਰਟਜ਼ ਦੀ ਫ੍ਰੀਕੁਐਂਸੀ ਵਿੱਚ ਵਾਰ-ਵਾਰ ਹੁੰਦੇ ਹਨ । ਵਿਗਿਆਨੀ ਮੰਨਦੇ ਹਨ ਕਿ ਜੀਵ ਇਸ ਤਾਲ ਦੀ ਵਰਤੋਂ ਕਰ ਸਕਦੇ ਹਨ, ਕਿਉਂਕਿ ਵੱਖ-ਵੱਖ ਪ੍ਰਜਾਤੀਆਂ ਦੇ ਦਿਮਾਗ, ਇਸ ਰੇਂਜ ਵਿੱਚ ਆਸਾਨੀ ਨਾਲ ਡਾਟਾ ਨੂੰ ਪ੍ਰੋਸੈਸ ਕਰਦੇ ਹਨ ।

ਕੀ ਤੁਸੀਂ ਜਾਣਦੇ ਹੋ ?

ਸਪਰਮ ਵ੍ਹੇਲ ਸੰਚਾਰ ਕਰਨ ਲਈ ਕਲਿਕਿੰਗ ਵਰਗੀਆਂ ਆਵਾਜ਼ਾਂ ਕੱਢਦੇ ਹਨ, ਜਿਨ੍ਹਾਂ ਨੂੰ 'ਕੋਡਾ' ਕਹਿੰਦੇ ਹਨ । ਵਿਗਿਆਨੀ ਮੰਨਦੇ ਹਨ ਕਿ ਜਿਵੇਂ ਮਨੁੱਖ ਗੱਲ ਕਰਦੇ ਹਨ, ਇਹ ਜੀਵ ਸੰਚਾਰ ਕਰਨ ਲਈ ਇਨ੍ਹਾਂ ਆਵਾਜ਼ਾਂ ਦੇ ਪੈਟਰਨਾਂ ਨੂੰ ਬਦਲਦੇ ਹਨ ।

ਗੁਲਾਬੀ ਸੁੰਡੀ ਦੀ ਸਰਵਪੱਖੀ ਰੋਕਥਾਮ

ਬੀ ਟੀ ਨਰਮਾ ਪੰਜਾਬ ਦੀ ਸਾਉਣੀ ਦੀ ਪ੍ਰਮੁੱਖ ਵਪਾਰਕ ਫ਼ਸਲ ਹੈ ਜਿਸ ਦੀ ਕਾਸ਼ਤ ਦੱਖਣ-ਪੱਛਮੀ ਜ਼ਿਲ੍ਹਿਆਂ ਵਿੱਚ ਕੀਤੀ ਜਾਂਦੀ ਹੈ । ਨਰਮੇ ਉੱਪਰ ਟੀਂਡੇ ਦੀਆਂ ਸੁੰਡੀਆਂ (ਅਮਰੀਕਨ, ਚਿਤਕਬਰੀ ਅਤੇ ਗੁਲਾਬੀ ਸੁੰਡੀ) ਅਤੇ ਰਸ ਚੂਸਣ ਵਾਲੇ ਕੀੜੇ (ਤੇਲਾ, ਚਿੱਟੀ ਮੱਖੀ, ਭੂਰੀ ਜੂੰ ਅਤੇ ਚੇਪਾ) ਹਮਲਾ ਕਰਦੇ ਸਨ । ਭਾਵੇਂ ਕਿ ਬੀ ਟੀ ਨਰਮੇ ਦੇ ਆਉਣ ਤੋਂ ਬਾਅਦ ਟੀਂਡੇ ਦੀਆਂ ਸੁੰਡੀਆਂ ਦੇ ਹਮਲੇ ਵਿੱਚ ਭਾਰੀ ਕਮੀ ਪਾਈ ਗਈ । ਪਰ ਪਿਛਲੇ 5 ਸਾਲਾਂ ਤੋਂ ਗੁਲਾਬੀ ਸੁੰਡੀ ਦੇ ਹਮਲੇ ਕਾਰਨ ਨਰਮੇ ਦਾ ਉਤਪਾਦਨ ਘੱਟ ਗਿਆ ਹੈ ਅਤੇ ਕੀਟਨਾਸ਼ਕਾਂ ਦੀ ਵਰਤੋਂ ਵੱਧ ਗਈ ਹੈ । ਗੁਲਾਬੀ ਸੁੰਡੀ ਕੇਵਲ ਨਰਮੇ ਉੱਤੇ ਹੀ ਪਲਦੀ ਹੈ । ਇਸ ਤੋਂ ਭਾਵ ਹੈ ਜੇ ਇਸ ਦੀ ਜੀਵਨ ਲੜੀ ਤੋੜ ਦਿੱਤੀ ਜਾਵੇ ਤਾਂ ਇਸ ਦੇ ਹਮਲੇ ਨੂੰ ਠੱਲ੍ਹ

ਪੈ ਸਕਦੀ ਹੈ । ਹੇਠ ਲਿਖੇ ਤਰੀਕਿਆਂ ਨਾਲ ਕਿਸਾਨ ਗੁਲਾਬੀ ਸੁੰਡੀ ਦੇ ਹਮਲੇ ਨੂੰ ਰੋਕ ਸਕਦੇ ਹਨ ।

ਗੁਲਾਬੀ ਸੁੰਡੀ ਦਾ ਫੈਲਾਅ

ਗੁਲਾਬੀ ਸੁੰਡੀ ਦੇ ਹਮਲੇ ਨੂੰ ਠੱਲ੍ਹ ਪਾਉਣ ਲਈ ਇਸ ਦੀ ਨਾਜ਼ੁਕ ਕੜੀ ਨੂੰ ਤੋੜਨਾ ਜ਼ਰੂਰੀ ਹੈ । ਪੁਰਾਣੀਆਂ ਛਿਟੀਆਂ ਵਿੱਚ ਪਏ ਅੱਧ ਖੁੱਲ੍ਹੇ ਟੀਂਡਿਆਂ ਵਿੱਚ ਇਹ ਸੁੰਡੀ ਰਹਿੰਦੀ ਹੈ । ਤੇਲ ਅਤੇ ਰੂੰ ਮਿੱਲਾਂ ਵਿੱਚ ਪਏ ਨਰਮੇ ਵਿੱਚ ਅਤੇ ਵੇਲਾਈ ਸਮੇਂ ਦੀ ਸਾਰੀ ਬੱਚ-ਖੁਚ ਵਿੱਚ ਵੀ ਇਹ ਸੁੰਡੀ ਪਨਪਦੀ ਹੈ । ਜਿਹੜਾ ਬੀਜ ਤੇਲ ਮਿੱਲਾਂ ਵਿੱਚ ਪੀੜਿਆ ਨਾ ਗਿਆ ਹੋਵੇ ਤਾਂ ਤੇਲ ਮਿੱਲਾਂ/ਰੂੰ ਮਿੱਲਾਂ ਵਿੱਚ ਪਈ ਬੀਜਾਂ ਦੇ ਭੰਡਾਰ ਵਿੱਚ ਵੀ ਇਹ ਸੁੰਡੀ ਪਨਪਦੀ ਹੈ । ਜੋ ਕਿ ਮੌਸਮ ਨਾਲ ਪਿਉਪਾ ਬਣ ਕੇ ਪਤੰਗੇ ਦੇ ਰੂਪ ਵਿੱਚ ਬਾਹਰ ਆਉਂਦੀ ਹੈ ਅਤੇ ਨਵੇਂ ਖੁਲ੍ਹੇ ਫੁੱਲਾਂ ਜਾਂ ਛੋਟੇ ਬਣੇ ਟੀਂਡਿਆਂ ਵਿੱਚ ਅੰਡੇ ਦੇ ਦਿੰਦੀ ਹੈ ।

ਸਰਵਪੱਖੀ ਰੋਕਥਾਮ

ਇਸ ਕੀੜੇ ਦਾ ਜੀਵਨ ਚੱਕਰ ਅਤੇ ਫੈਲਾਅ ਦੇ ਢੰਗਾਂ ਨੂੰ ਮੱਦੇਨਜ਼ਰ ਰੱਖਦੇ ਹੋਏ, ਪਿੰਡ ਪੱਧਰ ਤੇ ਇਕੱਠੇ ਹੋ ਕੇ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ । ਇਸ ਦੀ ਸੁਚੱਜੀ ਰੋਕਥਾਮ ਲਈ ਹੇਠਾਂ ਦੱਸੀ ਵਿਉਂਤਬੰਦੀ ਅਪਨਾਉਣ ਦੀ ਲੋੜ ਹੈ ।

ਕਾਸ਼ਤਕਾਰੀ ਢੰਗਾਂ ਰਾਹੀਂ ਰੋਕਥਾਮ

★ ਨਰਮੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਤੇ ਅਗੇਤੀ ਖਿੜਨ ਵਾਲੀਆਂ ਸਿਫ਼ਾਰਸ਼ ਕਿਸਮਾਂ ਹੀ ਬੀਜੋ ।

★ ਬਿਜਾਈ ਹਰ ਹਾਲਤ ਵਿੱਚ 15 ਮਈ ਤੱਕ ਕਰ ਦਿਓ ਕਿਉਂਕਿ ਪਿਛੇਤੀ ਬਿਜਾਈ ਵਾਲੀ ਫ਼ਸਲ ਤੇ ਗੁਲਾਬੀ ਸੁੰਡੀ ਦਾ ਹਮਲਾ ਵੱਧ ਹੁੰਦਾ ਹੈ ।

★ ਗੈਰ ਬੀ ਟੀ ਦੇ ਰੂੰ ਵਾਲੇ ਬੀਜ ਵਿੱਚ ਗੁਲਾਬੀ ਸੁੰਡੀ ਦੇ ਲਾਰਵੇ ਹੋ ਸਕਦੇ ਹਨ ਇਸ ਲਈ ਬੀਜ ਨੂੰ ਲੂੰ ਰਹਿਤ ਕਰਕੇ ਜਾਂ ਫਿਰ ਅਪ੍ਰੈਲ ਮਹੀਨੇ ਵਿੱਚ ਲਗਾਤਾਰ 3-4 ਦਿਨ ਧੁੱਪ ਸੁਕਾ ਕੇ ਬੀਜੋ ।

★ ਬਿਜਾਈ ਸਮੇਂ ਬੂਟੇ ਤੋਂ ਬੂਟੇ ਦਾ ਫਾਸਲਾ 75 ਸੈਂਟੀਮੀਟਰ ਅਤੇ ਲਾਈਨ ਤੋਂ ਲਾਈਨ ਦਾ ਫਾਸਲਾ 67.5 ਸੈਂਟੀਮੀਟਰ ਹੋਣਾ ਚਾਹੀਦਾ ਹੈ । ਕਿਉਂਕਿ ਸੰਘਣੀ ਬਿਜਾਈ ਵਾਲੇ ਖੇਤਾਂ ਵਿੱਚ ਇਸ ਦਾ ਹਮਲਾ ਜ਼ਿਆਦਾ ਪਾਇਆ ਜਾਂਦਾ ਹੈ ।

ਖੇਤਾਂ ਵਿੱਚ ਗੁਲਾਬੀ ਸੁੰਡੀ ਦੇ ਫੈਲਾਅ ਨੂੰ ਰੋਕਣ ਲਈ ਛਿਟੀਆਂ ਦੀ ਸਾਂਭ ਸੰਭਾਲ

★ ਛਿਟੀਆਂ ਦੇ ਢੇਰ ਲਾਉਣ ਤੋਂ ਪਹਿਲਾਂ ਕੱਟੀਆਂ ਹੋਈਆਂ ਛਿਟੀਆਂ ਨੂੰ ਜ਼ਮੀਨ ਤੇ ਮਾਰ ਮਾਰ ਕੇ ਅਣਖਿੜੇ ਟੀਂਡੇ ਅਤੇ ਸਿੱਕਰੀਆਂ ਨੂੰ ਝਾੜ ਦਿਓ ਜਾਂ ਤੋੜ ਲਓ । ਇਸ ਤਰ੍ਹਾਂ ਇਕੱਠੀਆਂ ਹੋਈਆਂ ਸਿੱਕਰੀਆਂ ਅਤੇ ਟੀਂਡਿਆਂ ਦੇ ਢੇਰ ਨੂੰ ਜਲਦੀ ਨਸ਼ਟ ਕਰ ਦਿਓ ।

★ ਕਪਾਹ ਦੀਆਂ ਛਿਟੀਆਂ ਇਕੱਠੀਆਂ ਕਰਕੇ ਛਾਵੇਂ ਜ਼ਮੀਨ ਦੇ ਸਮਾਨੰਤਰ ਰੱਖਣ ਨਾਲ ਸੁਸਤ ਹਾਲਤ ਵਿੱਚ ਟੀਂਡੇ ਦੀ ਗੁਲਾਬੀ ਸੁੰਡੀ ਗਰਮੀਆਂ ਵਿੱਚ ਘੱਟ ਮਰਦੀ ਹੈ । ਛਿਟੀਆਂ ਨੂੰ ਵੱਢ ਕੇ ਖੇਤ ਵਿੱਚ ਰੱਖਣ ਨਾਲ ਇਹ ਕੀੜੇ ਬਹੁਤ ਛੇਤੀ ਫੈਲਦੇ ਹਨ । ਨਰਮੇ ਦੀਆਂ ਛਿਟੀਆਂ ਦੇ ਢੇਰ ਖੇਤ ਵਿੱਚ ਨਾ ਲਗਾਓ, ਸਗੋਂ ਪਿੰਡ ਵਿੱਚ ਲਗਾਓ । ਛਿਟੀਆਂ ਦੀਆਂ ਭਰੀਆਂ ਦੇ ਢੇਰ ਖੜ੍ਹਵੇਂ ਅਤੇ ਰੁੱਖ/ਦਰੱਖਤ ਆਦਿ ਦੀ ਛਾਂ ਤੋਂ ਪਰੇ ਧੁੱਪ ਵਿੱਚ ਲਗਾਓ ।

★ ਹਮਲੇ ਵਾਲੇ ਖੇਤਾਂ ਦੀਆਂ ਛਿਟੀਆਂ ਨੂੰ ਨਵੀਂ ਜਗ੍ਹਾ ਤੇ ਨਾ ਲਿਜਾਓ ।

★ ਨਰਮੇ ਦੀਆਂ ਛਿਟੀਆਂ ਨੂੰ ਅਪ੍ਰੈਲ ਤੱਕ ਬਾਲ ਲੈਣਾ ਚਾਹੀਦਾ ਹੈ ਜਾਂ ਖਤਮ ਕਰ ਦੇਣਾ ਚਾਹੀਦਾ ਹੈ ।

★ ਪਿੰਡ ਪੱਧਰ ਤੇ ਮੁਹਿੰਮ ਚਲਾਉਣੀ ਚਾਹੀਦੀ ਹੈ ਤਾਂ ਜੋ ਗੁਲਾਬੀ ਸੁੰਡੀ ਦਾ ਹਮਲਾ ਘੱਟ ਜਾਵੇ ।

ਵਿਜੈ ਕੁਮਾਰ ਅਤੇ ਅਮਨਦੀਪ ਕੌਰ, ਕੀਟ ਵਿਗਿਆਨ ਵਿਭਾਗ,
ਪੀ. ਏ. ਯੂ., ਲੁਧਿਆਣਾ (ਮੋ. 97794-51214)

ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ।

ਰਵਾਇਤੀ ਤੋਂ ਵਿਗਿਆਨਕ ਖ਼ੁਰਾਕ ਵੱਲ

ਟੀ.ਐਮ.ਆਰ. (Total Mixed Ration) ਦੀ ਮਹੱਤਤਾ

ਯੁਵਰਾਜ ਸਿੰਘ, ਐੱਮ.ਵੀ.ਐੱਸ.ਸੀ. ਵਿਦਿਆਰਥੀ
ਪਸ਼ੂ ਆਹਾਰ ਵਿਭਾਗ, ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ

ਟੀ. ਐਮ. ਆਰ. ਦੇ ਫਾਇਦੇ

ਸਧਾਰਣ ਤੌਰ 'ਤੇ ਰਵਾਇਤੀ ਤਰੀਕੇ ਵਿੱਚ ਖੁਰਾਕ ਸਿਰਫ਼ ਪਾਈ ਜਾਂਦੀ ਹੈ, ਜਦਕਿ ਟੀ. ਐਮ. ਆਰ. ਵਿੱਚ ਖੁਰਾਕ ਵਿਗਿਆਨਕ ਢੰਗ ਨਾਲ ਤਿਆਰ ਕਰਕੇ ਖੁਆਈ ਜਾਂਦੀ ਹੈ, ਜੋ ਵੱਡੀਆਂ ਡੇਅਰੀਆਂ ਲਈ ਜ਼ਿਆਦਾ ਪ੍ਰਭਾਵਸ਼ਾਲੀ ਹੈ ।

★ ਪਸ਼ੂ ਖੁਰਾਕ ਨੂੰ ਚੰਗੀ ਤਰ੍ਹਾਂ ਪਚਾਉਂਦੇ ਹਨ ਅਤੇ ਜ਼ਿਆਦਾ ਅੰਸ਼ ਜਜ਼ਬ ਕਰਦੇ ਹਨ, ਜਿਸ ਨਾਲ ਫੀਡ ਦੀ ਉਚਿਤ ਵਰਤੋਂ ਹੁੰਦੀ ਹੈ ।

★ ਸਹੀ ਤਰੀਕੇ ਨਾਲ ਤਿਆਰ ਕੀਤਾ ਮਿਸ਼ਰਣ ਊਰਜਾ, ਪ੍ਰੋਟੀਨ, ਵਿਟਾਮਿਨ ਅਤੇ ਖਣਿਜ ਤੱਤਾਂ ਨੂੰ ਇਕੋ ਖੁਰਾਕ ਵਿੱਚ ਸੰਤੁਲਿਤ ਰੂਪ ਵਿੱਚ ਪ੍ਰਦਾਨ ਕਰਦਾ ਹੈ ।

★ ਬਰੂਅਰ ਗਰੇਨ, ਛਿਲਕਾ ਅਤੇ ਸੀਰੇ ਵਰਗੇ ਸਸਤੇ ਉਪ-ਉਤਪਾਦ ਆਸਾਨੀ ਨਾਲ ਸ਼ਾਮਲ ਕਰਕੇ ਖੁਰਾਕ ਦੀ ਲਾਗਤ ਘਟਾਈ ਜਾ ਸਕਦੀ ਹੈ ।

★ ਘੱਟ ਸੁਆਦ ਵਾਲੀਆਂ ਚੀਜ਼ਾਂ ਵੀ ਮਿਸ਼ਰਣ ਵਿੱਚ ਮਿਲਾ ਕੇ ਆਸਾਨੀ ਨਾਲ ਖਵਾਈਆਂ ਜਾ ਸਕਦੀਆਂ ਹਨ, ਜਿਸ ਨਾਲ ਖੁਰਾਕ ਸੁਆਦਲੀ ਬਣਦੀ ਹੈ ਅਤੇ ਪਸ਼ੂ ਰੁਚੀ ਨਾਲ ਖਾਂਦੇ ਹਨ ।

★ ਸੰਤੁਲਿਤ ਅਤੇ ਸੁਆਦਲੀ ਖੁਰਾਕ ਕਾਰਨ ਸੁੱਕੇ ਮਾਦੇ ਦੀ ਖਪਤ ਵਧਦੀ ਹੈ, ਜਿਸ ਨਾਲ ਉਤਪਾਦਕਤਾ ਵਿੱਚ ਸੁਧਾਰ ਆਉਂਦਾ ਹੈ ।

★ ਰੂਮਨ ਵਿੱਚ ਇਕਸਾਰਤਾ ਬਣੀ ਰਹਿੰਦੀ ਹੈ, ਜਿਸ ਨਾਲ ਐਸਿਡੋਸਿਸ ਅਤੇ ਕੀਟੋਸਿਸ ਵਰਗੀਆਂ ਮੈਟਾਬੋਲਿਕ ਬਿਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ ।

★ ਜ਼ਿਆਦਾ ਖੁਰਾਕ ਖਾਣ ਅਤੇ ਵਧੀਆ ਪਚਣ ਨਾਲ ਦੁੱਧ ਦੀ ਮਾਤਰਾ ਅਤੇ ਫੈਟ ਦੋਵਾਂ ਵਿੱਚ ਵਾਧਾ ਹੁੰਦਾ ਹੈ ।

★ ਮਜ਼ਦੂਰੀ ਅਤੇ ਸਮੇਂ ਦੀ ਬਚਤ ਹੁੰਦੀ ਹੈ ।

★ ਬਚੀ ਹੋਈ ਖੁਰਾਕ ਨੂੰ ਡ੍ਰਾਈ ਫੇਜ ਵਾਲੇ ਪਸ਼ੂਆਂ ਨੂੰ ਦੇ ਕੇ ਖੁਰਾਕ ਦੀ ਬਰਬਾਦੀ ਅਤੇ ਲਾਗਤ ਨੂੰ ਘੱਟ ਕੀਤਾ ਜਾ ਸਕਦਾ ਹੈ ।

ਟੀ. ਐਮ. ਆਰ. ਫੀਡਿੰਗ ਦੇ ਤਰੀਕੇ

ਟੀ. ਐਮ. ਆਰ. ਫੀਡਿੰਗ ਨੂੰ ਲਾਗੂ ਕਰਨ ਦੇ ਦੋ ਮੋਟੇ-ਮੋਟੇ ਤਰੀਕੇ ਹਨ :-

★ **ਸਿੰਗਲ ਟੀ. ਐਮ. ਆਰ. ਸਿਸਟਮ** :- ਇਸ ਤਰੀਕੇ ਵਿੱਚ ਸਾਰੇ ਪਸ਼ੂਆਂ ਨੂੰ ਇੱਕੋ ਰਾਸ਼ਨ ਦਿੱਤਾ ਜਾਂਦਾ ਹੈ । ਇਹ ਛੋਟੇ ਫਾਰਮਾਂ ਲਈ ਆਸਾਨ ਅਤੇ ਸਧਾਰਣ ਪ੍ਰਬੰਧਨ ਵਾਲਾ ਹੁੰਦਾ ਹੈ । ਪਰ ਇਸ ਦੀ ਕਮੀ ਇਹ ਹੈ ਕਿ ਉੱਚ ਉਤਪਾਦਕ ਪਸ਼ੂਆਂ ਦੀ ਲੋੜ ਪੂਰੀ ਨਹੀਂ ਹੋ ਸਕਦੀ, ਜਦਕਿ ਘੱਟ ਉਤਪਾਦਕ ਵਾਲੇ ਪਸ਼ੂ ਵੱਧ ਖੁਰਾਕ ਲੈ ਕੇ ਮੋਟੇ ਹੋ ਸਕਦੇ ਹਨ ।

★ **ਗਰੁੱਪ ਅਨੁਸਾਰ ਟੀ. ਐਮ. ਆਰ. ਸਿਸਟਮ** :- ਇਹ ਤਰੀਕਾ ਵੱਡੇ ਅਤੇ ਵਪਾਰਕ ਡੇਅਰੀ ਫਾਰਮਾਂ ਲਈ ਸਭ ਤੋਂ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ, ਜਿਸ ਵਿੱਚ ਪਸ਼ੂਆਂ ਨੂੰ ਵੱਖ-ਵੱਖ ਸਮੂਹਾਂ ਵਿੱਚ ਵੰਡ ਕੇ ਖੁਰਾਕ ਦਿੱਤੀ ਜਾਂਦੀ ਹੈ । ਪਸ਼ੂਆਂ ਦੇ ਗਰੁੱਪ ਬਣਾਉਣ ਦੇ ਕੁਝ ਆਧਾਰ ਹਨ ਜਿਵੇਂ ਕਿ ਪਸ਼ੂਆਂ ਨੂੰ ਉਨ੍ਹਾਂ ਦੀ ਉਤਪਾਦਕਤਾ, ਪੋਸ਼ਣ ਦੀ ਲੋੜ ਅਤੇ ਜੀਵਨ ਅਵਸਥਾ ਅਨੁਸਾਰ ਵੰਡਿਆ ਜਾਂਦਾ ਹੈ, ਜਿਵੇਂ ਕਿ ਉੱਚ ਉਤਪਾਦਨ ਵਾਲੇ ਪਸ਼ੂ, ਮੱਧਮ ਉਤਪਾਦਨ ਵਾਲੇ ਪਸ਼ੂ, ਘੱਟ ਉਤਪਾਦਨ ਵਾਲੇ ਪਸ਼ੂ, ਡਰਾਈ ਗਾਂਵਾਂ, ਗੱਭਣ ਵਹਿੜਾਂ, ਵਹਿੜਾਂ, ਵੱਛੀਆਂ ਆਦਿ । ਫਿਰ ਗਰੁੱਪ ਦੇ ਪੋਸ਼ਣ ਦੀ ਲੋੜ ਅਨੁਸਾਰ ਟੀ. ਐਮ. ਆਰ. ਤਿਆਰ ਕਰਕੇ ਦਿੱਤਾ ਜਾਂਦਾ ਹੈ ।

ਸਿੱਟਾ

ਅੰਤ ਵਿੱਚ ਇਹ ਕਹਿਣਾ ਠੀਕ ਹੈ ਕਿ ਟੀ. ਐਮ. ਆਰ. ਫੀਡਿੰਗ ਆਧੁਨਿਕ ਡੇਅਰੀ ਲਈ ਇੱਕ ਮਹੱਤਵਪੂਰਨ ਕਦਮ ਹੈ, ਜੋ ਪਸ਼ੂ ਸਿਹਤ, ਦੁੱਧ ਉਤਪਾਦਨ ਅਤੇ ਖੁਰਾਕ ਦੀ ਕੁਸ਼ਲਤਾ ਤਿੰਨਾਂ ਨੂੰ ਸੁਧਾਰਦਾ ਹੈ । ਪਰ ਇਸਦੀ ਸਫਲਤਾ ਸਹੀ ਜਾਣਕਾਰੀ, ਸੰਤੁਲਿਤ ਰਾਸ਼ਨ ਅਤੇ ਸੁਚੱਜੇ ਪ੍ਰਬੰਧਨ 'ਤੇ ਨਿਰਭਰ ਕਰਦੀ ਹੈ । ਇਸ ਲਈ ਸਿਰਫ਼ ਵੱਧ ਚਾਰਾ ਨਹੀਂ, ਸਗੋਂ ਵਿਗਿਆਨਕ ਢੰਗ ਨਾਲ ਸੰਤੁਲਿਤ ਖੁਰਾਕ ਦੇਣਾ ਹੀ ਅਸਲ ਕਾਮਯਾਬੀ ਦੀ ਕੁੰਜੀ ਹੈ- ''ਜੇ ਖੁਰਾਕ ਸੰਤੁਲਿਤ ਹੈ, ਤਾਂ ਡੇਅਰੀ ਆਪਣੇ ਆਪ ਲਾਭਕਾਰੀ ਬਣ ਜਾਂਦੀ ਹੈ ।''

ਪੈਲੀ ਤੇ ਮੌਜ ਪੰਜਾਬ

ਪੰਜਾਬ ਦੀ ਇੰਨੀ ਜਰਖੇਜ਼ ਪੈਲੀ ਹੈ । ਇੱਥੇ ਬਹੁਤ ਕੁੱਝ ਬੀਜਿਆ ਉੱਗਦਾ ਹੈ । ਪੈਲੀ ਦਾ ਅਸੀਂ ਕਦੇ ਦੇਣਾ ਨਹੀਂ ਦੇ ਸਕਦੇ । ਇੱਕ ਫ਼ਸਲ ਦੇ ਕੇ ਸਾਨੂੰ ਫੇਰ ਤੋਂ ਅਗਲੀ ਫ਼ਸਲ ਦੇਣ ਲਈ ਤਿਆਰ ਹੋ ਜਾਂਦੀ ਹੈ । ਕਦੇ ਪੈਲੀ ਦੇ ਕਿਸਾਨ ਨੂੰ ਇਹ ਤਾਂ ਨਹੀਂ ਕਿਹਾ ਵੀ ਤੂੰ ਹਲੇ ਛੇ ਮਹੀਨੇ ਰੁਕ ਜਾ, ਫਿਰ ਬੀਜੀ । ਪੰਜਾਬ ਦੇ ਬਹੁਤ ਕਿਸਾਨ ਹਰ ਇੱਕ ਫ਼ਸਲ ਦਾ ਬੀਜ ਮੁੱਲ ਲੈਣ ਦੀ ਬਜਾਏ ਆਪਣੇ ਖੇਤ ਤੋਂ ਤਿਆਰ ਕਰਕੇ ਰੱਖਦੇ ਹਨ ਜਿਵੇਂ ਬਰਸੀਮ ਆਦਿ । ਮਿਹਨਤੀ ਕਿਸਾਨ ਆਪਣੇ ਖੇਤਾਂ ਵਿੱਚ ਖ਼ੁਦ ਘਰੇਲੂ ਸਬਜ਼ੀਆਂ ਉਗਾਉਂਦੇ ਹਨ । ਬਾਕੀ ਜਿਹੜੇ ਆਪ ਖੇਤੀ ਕਰਦੇ ਹਨ, ਉਨ੍ਹਾਂ ਲੋਕਾਂ ਨੂੰ ਵੀ ਕਿਸੇ ਦੇ ਸਬਜ਼ੀ ਤੋੜਨ ਨਾਲੋਂ ਆਪਣੇ ਖੇਤ ਬੀਜ ਲੈਣੀ ਚਾਹੀਦੀ ਹੈ ।

ਹਰਜੀਤ ਸਿੰਘ ਝੋਰੜਾਂ
ਐਮ. ਏ. ਪੰਜਾਬੀ
ਮੋ. 98726-85890

ਪੰਜਾਬੀ ਗਾਇਕ ਬੱਬੂ ਮਾਨ ਨੇ ਸਾਰੀ ਦੁਨੀਆਂ ਘੁੰਮ ਕੇ ਆਪਣੇ ਗੀਤ ਰਾਹੀਂ ਸਿੱਟਾ ਕੱਢ ਕੇ ਦੱਸਿਆ ਸੀ ''ਘੁੰਮ ਕੇ ਦੇਖ ਆਇਆ ਦੁਨੀਆਂ ਸਾਰੀ ਲੱਭਣੀ ਨੀ ਮੌਜ ਪੰਜਾਬ ਵਰਗੀ ।'' ਵਾਕਿਆ ਹੀ ਜੋ ਮੌਜ ਪੰਜਾਬ ਵਿੱਚ ਹੈ ਉਹ ਦੁਨੀਆਂ ਵਿੱਚ ਕਿਤੇ ਵੀ ਨਹੀਂ । ਇਹ ਪੰਜਾਬ ਆ ਘਰ ਦੀ ਸਬਜ਼ੀ ਬੀਜ ਕੇ ਆਲੂ, ਗੰਢੇ ਪਾ ਜਿਵੇਂ ਮਰਜ਼ੀ ਘਰੇ ਸੈਂਡਵਿਚ ਬਣਾਉ ਤੇ ਖਾਉ । ਕਿਉਂਕਿ ਖੁੱਲ੍ਹਾ ਸਮਾਂ ਤੇ ਖੁੱਲ੍ਹੇ ਰਹਿਣਾ ਹੀ ਪੇਂਡੂ ਜੀਵਨ ਦਾ ਅੰਗ ਹੈ । ਟੌਹਰ ਨਾਲ ਦੋ ਪਸ਼ੂ ਰੱਖ ਕੇ ਦੁੱਧ ਦੀ ਆਈਸਕ੍ਰੀਮ ਜਮਾਅ ਕੇ ਖਾਉ ।

ਦੁਆ ਹੈ ਕਿ ਪੰਜਾਬ ਦੇ ਕਿਸਾਨ ਆਪਣੇ ਖੇਤਾਂ ਵਿੱਚ ਹੱਡ-ਭੰਨ ਮਿਹਨਤਾਂ ਕਰਦੇ ਦਿਖਾਈ ਦਿੰਦੇ ਹੋਣ । ਉਹ ਆਪਣੇ ਜੱਦੀ-ਪੁਸ਼ਤੀ ਕਿੱਤੇ ਖੇਤੀਬਾੜੀ ਨਾਲ ਸਦਾ ਜੁੜੇ ਰਹਿਣ । ਰੱਬ ! ਪਰਮਾਤਮਾ ਸਭ ਕਿਸਾਨਾਂ ਨੂੰ ਹੱਸਦਾ-ਵੱਸਦਾ ਰੱਖੇ ।

ਝੋਨੇ ਦੀਆਂ ਪੀਆਰ ਕਿਸਮਾਂ ਦੀ ਬਿਜਾਈ ਲਈ 20 ਜੂਨ ਤੋਂ ਬਾਅਦ ਦਾ ਸਮਾਂ ਸਹੀ

★ ਪਾਣੀ ਦੀ ਬੱਚਤ ਤੇ ਰੋਗ-ਕੀਟਾਂ 'ਤੇ ਹੁੰਦਾ ਹੈ ਕੰਟਰੋਲ
★ ਮੌਨਸੂਨ ਨੇੜੇ ਬਿਜਾਈ ਵਿੱਚ ਵਰਖਾ ਦਾ ਮਿਲਦੈ ਫਾਇਦਾ

ਪੀਏਯੂ ਦੇ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਝੋਨੇ ਦੀ ਬਿਜਾਈ ਦਾ ਸਮਾਂ ਸਿਰਫ਼ ਫ਼ਸਲ ਦੀ ਪੈਦਾਵਾਰ ਹੀ ਨਹੀਂ, ਬਲਕਿ ਸਿੰਚਾਈ ਲਈ ਪਾਣੀ ਦੀ ਬਚਤ, ਚੌਲਾਂ ਦੀ ਗੁਣਵੱਤਾ ਤੇ ਕੀਟ-ਰੋਗਾਂ ਦੇ ਪ੍ਰਬੰਧਨ ਨੂੰ ਵੀ ਸਿੱਧੇ ਪ੍ਰਭਾਵਿਤ ਕਰਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਦੇ ਪੌਦਾ ਪ੍ਰਜਨਨ ਤੇ ਆਨੁਵਾਸ਼ਿਕੀ ਵਿਭਾਗ ਦੇ ਸੀਨੀਅਰ ਵਿਗਿਆਨੀ ਡਾ. ਬੂਟਾ ਸਿੰਘ ਢਿੱਲੋਂ, ਡਾ. ਰਣਵੀਰ ਸਿੰਘ ਗਿੱਲ ਤੇ ਮੌਸਮ ਵਿਭਾਗ ਦੀ ਮੁੱਖੀ ਡਾ. ਪੀ. ਕੇ. ਕਿੰਗਰਾ ਵੱਲੋਂ ਕੀਤੇ ਗਏ ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਝੋਨੇ ਦੀ ਜਲਦੀ ਬਿਜਾਈ ਕਰਨ ਤੇ ਖੇਤਾਂ ਵਿੱਚ ਵੱਧ ਸਮੇਂ ਤੱਕ ਸਿੰਚਾਈ ਕਰਨੀ ਪੈਂਦੀ ਹੈ, ਕਿਉਂਕਿ ਮੌਨਸੂਨ ਪੂਰੀ ਤਰ੍ਹਾਂ ਸਰਗਰਮ ਨਹੀਂ ਹੁੰਦਾ। ਇਸ ਨਾਲ ਵਾਸ਼ਪੀਕਰਨ ਤੇ ਵਾਸ਼ਪੀ ਉਤਸਰਜਨ ਕਾਰਨ ਪਾਣੀ ਦੀ ਖਪਤ ਵੱਧ ਜਾਂਦੀ ਹੈ। ਉੱਥੇ, ਮੌਨਸੂਨ ਦੇ ਆਗਮਨ ਨੇੜੇ ਕੀਤੀ ਗਈ ਬਿਜਾਈ ਵਿੱਚ ਕੁਦਰਤੀ ਵਰਖਾ ਦਾ ਲਾਭ ਮਿਲਦਾ ਹੈ ਤੇ ਸਿੰਚਾਈ ਦੀ ਜ਼ਰੂਰਤ ਘਟ ਜਾਂਦੀ ਹੈ। ਪੀ.ਏ.ਯੂ. ਵੱਲੋਂ ਤਿਆਰ ਕੀਤੀਆਂ ਝੋਨੇ ਦੀਆਂ ਵੱਖ-ਵੱਖ ਕਿਸਮਾਂ 'ਤੇ ਕੀਤੇ ਗਏ ਟੈਸਟਾਂ ਵਿੱਚ ਇਹ ਦੇਖਿਆ ਗਿਆ ਹੈ ਕਿ ਮੱਧਮ ਮਿਆਦ ਵਾਲੀਆਂ ਕਿਸਮਾਂ ਜਿਵੇਂ ਕਿ ਪੀ.ਆਰ. 128, 131 ਤੇ 121 ਦੀ ਬਿਜਾਈ 25 ਜੂਨ ਦੇ ਨੇੜੇ-ਤੇੜੇ ਕਰਨ 'ਤੇ ਸਭ ਤੋਂ ਵਧੀਆ ਨਤੀਜੇ ਮਿਲੇ। ਇਨ੍ਹਾਂ ਕਿਸਮਾਂ ਨੇ ਨਾ ਸਿਰਫ਼ ਚੰਗੀ ਪੈਦਾਵਾਰ ਦਿੱਤੀ, ਸਗੋਂ

15 ਜੂਨ ਦੀ ਤੁਲਨਾ ਵਿੱਚ ਲਗਪਗ ਸੱਤ ਪ੍ਰਤੀਸ਼ਤ ਤੱਕ ਸਿੰਚਾਈ ਪਾਣੀ ਦੀ ਬਚਤ ਵੀ ਕੀਤੀ ਗਈ। ਇਸ ਤੋਂ ਇਲਾਵਾ 25 ਜੂਨ ਨੂੰ ਬਿਜਾਈ ਕਰਨ 'ਤੇ ਲਗਪਗ 7.1 ਪ੍ਰਤੀਸ਼ਤ ਤੇ 15 ਜੁਲਾਈ ਤੱਕ ਬਿਜਾਈ ਟਾਲਣ 'ਤੇ 18.6 ਪ੍ਰਤੀਸ਼ਤ ਤੱਕ ਸਿੰਚਾਈ ਪਾਣੀ ਦੀ ਬਚਤ ਸੰਭਵ ਹੈ, ਹਾਲਾਂਕਿ ਬਹੁਤ ਜ਼ਿਆਦਾ ਦੇਰੀ ਨਾਲ ਉਤਪਾਦਨ ਵਿੱਚ ਕਮੀ ਆ ਸਕਦੀ ਹੈ।

ਦੂਜੇ ਪਾਸੇ, ਘੱਟ ਮਿਆਰ ਵਾਲੀ ਝੋਨੇ ਦੀ ਕਿਸਮ ਪੀ.ਆਰ. 126 ਦੀ ਰੋਪਾਈ ਜੂਨ ਦੇ ਅੰਤ ਤੋਂ ਜੁਲਾਈ ਦੇ ਮੱਧ ਤੱਕ ਕਰਨ 'ਤੇ ਚੰਗੀ ਪੈਦਾਵਾਰ ਦੇਖਣ ਨੂੰ ਮਿਲੀ ਹੈ। ਅਧਿਐਨ ਅਨੁਸਾਰ ਇਸ ਕਿਸਮ ਵਿੱਚ 25 ਜੂਨ ਨੂੰ ਬਿਜਾਈ ਕਰਨ 'ਤੇ 8.1 ਫ਼ੀਸਦੀ, 5 ਜੁਲਾਈ ਨੂੰ 13.8 ਫ਼ੀਸਦੀ, 15 ਜੁਲਾਈ ਨੂੰ 19.4 ਫ਼ੀਸਦੀ ਤੇ 25 ਜੁਲਾਈ ਨੂੰ 23.8 ਫ਼ੀਸਦੀ ਤੱਕ ਸਿੰਚਾਈ ਪਾਣੀ ਦੀ ਬਚਤ ਦਰਜ ਕੀਤੀ ਗਈ। ਇਸ ਦੇ ਨਾਲ ਹੀ ਇਸ ਸਮੇਂ ਵਿੱਚ ਬੀਜੀ ਗਈ ਫ਼ਸਲ ਤੋਂ ਚੰਗੀ ਗੁਣਵੱਤਾ ਵਾਲਾ ਚੌਲ ਪ੍ਰਾਪਤ ਹੁੰਦਾ ਹੈ ਅਤੇ ਮਿਲਿੰਗ ਦੌਰਾਨ ਹੈੱਡ ਰਾਈਸ ਰਿਕਵਰੀ ਵੀ ਵੱਧ ਰਹੀ ਹੈ। ਇਸ ਨਾਲ ਕਿਸਾਨਾਂ ਦੇ ਨਾਲ-ਨਾਲ ਚੌਲ ਮਿਲ ਉਦਯੋਗਾਂ ਨੂੰ ਵੀ ਆਰਥਿਕ ਲਾਭ ਮਿਲਦਾ ਹੈ।

ਗੁਣਵੱਤਾ ਵਿੱਚ ਵੀ ਸੁਧਾਰ : ਸੋਧ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਪੀਆਰ-126 ਦੀ ਬਿਜਾਈ ਜੂਨ ਦੇ ਅੰਤ ਤੋਂ ਜੁਲਾਈ ਦੇ ਮੱਧ ਤੱਕ ਕਰਨ 'ਤੇ ਹੈੱਡ ਰਾਈਸ ਰਿਕਵਰੀ (ਐਚਆਰਆਰ) ਬਿਹਤਰ ਰਹੀ। 15 ਜੂਨ ਨੂੰ ਰੋਪਾਈ ਕਰਨ ਤੇ ਐਚਆਰਆਰ 56.7 ਪ੍ਰਤੀਸ਼ਤ ਸੀ, ਜਦਕਿ 5 ਜੁਲਾਈ ਅਤੇ 15 ਜੁਲਾਈ ਨੂੰ ਰੋਪਾਈ ਕਰਨ 'ਤੇ ਇਹ ਵਧ ਕੇ ਕ੍ਰਮਸ਼ 61.2 ਅਤੇ 61.5 ਪ੍ਰਤੀਸ਼ਤ ਤੱਕ ਪਹੁੰਚ ਗਈ। ਇਸ ਨਾਲ ਚੌਲ ਦੀ ਮਿਲਿੰਗ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਅਤੇ ਕਿਸਾਨਾਂ ਨੂੰ ਚੰਗਾ ਮੁੱਲ ਮਿਲਣ ਦੀ ਸੰਭਾਵਨਾ ਰਹਿੰਦੀ ਹੈ।

25 ਜੂਨ ਦੀ ਬਿਜਾਈ ਵਿੱਚ ਬਿਹਤਰ ਨਤੀਜੇ (ਪ੍ਰਤੀ ਏਕੜ)

ਪੀ. ਆਰ.-128 ਕਿਸਮ	
15 ਜੂਨ ਬਿਜਾਈ	31.7 ਕੁਇੰਟਲ
25 ਜੂਨ ਬਿਜਾਈ	35.1 ਕੁਇੰਟਲ
5 ਜੁਲਾਈ ਬਿਜਾਈ	31.4 ਕੁਇੰਟਲ
ਪੀ. ਆਰ.-131 ਕਿਸਮ	
15 ਜੂਨ	35.6 ਕੁਇੰਟਲ
25 ਜੂਨ	36.3 ਕੁਇੰਟਲ
5 ਜੁਲਾਈ	32 ਕੁਇੰਟਲ
15 ਜੁਲਾਈ	31.4 ਕੁਇੰਟਲ
ਪੀ. ਆਰ.-121 ਕਿਸਮ	
15 ਜੂਨ	32.3 ਕੁਇੰਟਲ
25 ਜੂਨ	33.5 ਕੁਇੰਟਲ
5 ਜੁਲਾਈ	32.2 ਕੁਇੰਟਲ
15 ਜੁਲਾਈ	29.0 ਕੁਇੰਟਲ

ਗੁਦਾਮਾਂ ਵਿੱਚ ਹੀ ਸੜਿਆ ਹਜ਼ਾਰਾਂ ਕੁਇੰਟਲ ਕਣਕ ਦਾ ਬੀਜ

ਕਰਤਾਰਪੁਰ ਵਿੱਚ ਸਭ ਤੋਂ ਵੱਧ ਨੁਕਸਾਨ, ਮਾਰਕੀਟ ਕਮੇਟੀ ਜਲੰਧਰ ਨੇ ਨਹੀਂ ਲਈ ਫ਼ੀਸ

ਪੰਜਾਬ ਰਾਜ ਬੀਜ ਨਿਗਮ ਦੇ ਗੁਦਾਮਾਂ ਵਿੱਚ ਪਿਆ ਕਣਕ ਦਾ ਹਜ਼ਾਰਾਂ ਕੁਇੰਟਲ ਬੀਜ ਸਾਂਭ ਸੰਭਾਲ ਨਾ ਹੋਣ ਕਾਰਨ ਖ਼ਰਾਬ ਹੋ ਗਿਆ ਹੈ। ਬੀਜ ਨਿਗਮ ਨੇ ਇਸ ਬੀਜ ਨੂੰ ਕਣਕ ਦੇ ਸਮਰਥਨ ਮੁੱਲ ਤੋਂ 300 ਕੁਇੰਟਲ ਵੱਧ ਮੁੱਲ ਦੇ ਕੇ ਕਿਸਾਨਾਂ ਕੋਲੋਂ ਖ਼ਰੀਦਿਆਂ ਸੀ ਅਤੇ ਇਸ ਦੀ ਰੱਖ ਰਖਾਅ ਅਤੇ ਸਾਂਭ ਸੰਭਾਲ

ਤੇ ਬੀਜ ਨਿਗਮ ਦਾ 3300 ਰੁ. ਕੁਇੰਟਲ ਖ਼ਰਚਾ ਕਰਨ ਉਪਰੰਤ ਇਸ ਬੀਜ ਨੂੰ 3800 ਰੁ. ਕੁਇੰਟਲ ਦੇ ਹਿਸਾਬ ਨਾਲ ਵੇਚਿਆ ਜਾਂਦਾ ਸੀ। ਇਸ ਦੇ ਉਲਟ ਕਣਕ ਦਾ ਬੀਜ ਖ਼ਰਾਬ ਹੋਣ ਕਾਰਨ ਲੁਧਿਆਣਾ ਦੇ ਇਕ ਵਪਾਰੀ ਨੂੰ 2600 ਰੁ. ਕੁਇੰਟਲ ਦੇ ਹਿਸਾਬ ਨਾਲ ਖੁੱਲੀ ਬੋਲੀ ਰਾਹੀਂ ਵੇਚਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਵਿੱਚ ਸੂਬੇ ਵਿੱਚ ਹੜ੍ਹ ਆਉਣ ਕਾਰਨ ਸਰਕਾਰ ਨੇ ਕਣਕ ਦੀ ਬਿਜਾਈ ਲਈ ਕਿਸਾਨਾਂ ਨੂੰ ਮੁਫ਼ਤ ਦਿੱਤਾ ਸੀ। ਇਸ ਦੇ ਬਾਵਜੂਦ ਬੀਜ ਨਿਗਮ ਦੇ ਗੁਦਾਮਾਂ ਵਿੱਚ ਪਿਆ ਬੀਜ ਬੱਚਤ ਵਿਚ ਆ ਜਾਣ ਕਾਰਨ ਖ਼ਰਾਬ ਹੋਣਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੀਜ ਨਿਗਮ ਦੇ ਸੂਬੇ ਵਿੱਚ ਚਾਰ ਮੁੱਖ ਕੇਂਦਰ ਕਰਤਾਰਪੁਰ, ਲਾਡੋਵਾਲ, ਕੋਟਕਪੂਰਾ ਅਤੇ ਸੋਹਲ ਵਿੱਚ ਬੀਜ ਰੱਖਿਆ ਹੋਇਆ ਸੀ। ਬੀਜ ਨਿਗਮ ਸੈਂਟਰ ਕਰਤਾਰਪੁਰ ਦੇ ਗੋਦਾਮ ਵਿੱਚੋਂ ਕਣਕ ਵੇਚੇ ਜਾਣ ਉਪਰੰਤ ਮਾਰਕੀਟ ਕਮੇਟੀ ਜਲੰਧਰ ਸ਼ਹਿਰੀ ਦੇ ਕਰਮਚਾਰੀਆਂ ਦੀ ਕਥਿਤ ਅਣਦੇਖੀ ਕਾਰਨ ਵੇਚੀ ਕਣਕ ਉਪਰ ਮਾਰਕੀਟ ਕਮੇਟੀ ਦੀ ਫ਼ੀਸ ਲੈਣ ਵਿੱਚ ਕੋਈ ਦਿਲਚਸਪੀ ਨਾ ਦਿਖਾਉਣ ਕਾਰਨ ਕਮੇਟੀ ਨੂੰ ਵਿੱਤੀ ਘਾਟਾ ਸਹਿਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸ ਸਬੰਧੀ ਪੰਜਾਬ ਰਾਜ ਬੀਜ ਨਿਗਮ ਦੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ ਨੇ ਦਸਿਆ ਕਿ ਬੀਜ ਨਿਗਮ ਦੇ ਗੁਦਾਮਾਂ ਵਿੱਚ ਪਿਆ 15 ਹਜ਼ਾਰ ਕੁਇੰਟਲ ਤੋਂ ਵੱਧ ਬੀਜ ਪਿਛਲੇ ਕੁੱਝ ਸਾਲਾਂ ਤੋਂ ਬੱਚਤ ਵਿੱਚ ਪਿਆ ਹੋਣ ਕਾਰਨ ਖ਼ਰਾਬ ਹੋ ਗਿਆ ਸੀ। ਇਸ ਦੀ ਜਾਂਚ ਕਰਵਾਉਣ ਉਪਰੰਤ ਲੈਬਾਰਟਰੀ ਦੀ ਰਿਪੋਰਟ ਅਨੁਸਾਰ ਇਥੇ ਪਿਆ ਬੀਜ ਹੁਣ ਕਣਕ ਦੀ ਬਿਜਾਈ ਕਰਨ ਦੇ ਯੋਗ ਨਹੀਂ ਹੈ। ਇਸ ਕਾਰਨ ਇਸ ਕਣਕ ਨੂੰ 2600 ਰੁ. ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਖੁਲ੍ਹੀ ਬੋਲੀ ਰਾਹੀਂ ਵੇਚ ਦਿੱਤਾ ਗਿਆ ਹੈ। ਮਾਰਕੀਟ ਕਮੇਟੀ ਜਲੰਧਰ ਸ਼ਹਿਰੀ ਦੇ ਪ੍ਰਧਾਨ ਗੁਰਪਾਲ ਸਿੰਘ ਮਾਂਗੇਕੀ ਨੇ ਦਸਿਆ ਕਿ ਕਣਕ ਦੇ ਬੀਜ ਵੇਚਣ ਤੇ ਮਾਰਕੀਟ ਕਮੇਟੀ ਵਲੋਂ ਫ਼ੀਸ ਨਹੀਂ ਲਈ ਜਾਂਦੀ ਪਰ ਇਹ ਖ਼ਰਾਬ ਬੀਜ ਨੂੰ ਕਣਕ ਵਜੋਂ ਵੇਚਿਆ ਗਿਆ ਹੈ। ਉਨ੍ਹਾਂ ਮਾਰਕੀਟ ਕਮੇਟੀ ਦੀ ਫ਼ੀਸ ਦੀ ਪਰਚੀ ਨਾ ਕੱਟਣ ਵਾਲੇ ਕਰਮਚਾਰੀਆਂ ਦੀ ਜਾਂਚ ਕਰ ਕੇ ਉਨ੍ਹਾਂ ਵਿਰੁੱਧ ਵਿਭਾਗੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ।

ਅਲਨੀਨੋ ਨੇ ਮੌਨਸੂਨ ਦੀ ਰਫਤਾਰ ਮੱਠੀ ਪਾਈ

★ ਦੇਸ਼ ਵਿੱਚ ਹੁਣ ਤੱਕ 28 ਫੀਸਦ ਘੱਟ ਹੋਈ ਬਾਰਿਸ਼ ★ ਇੱਕ ਹਫਤੇ ਤੋਂ ਪੱਛਮ ਵਿੱਚ ਲੱਗੀ ਬ੍ਰੇਕ, ਪੂਰਬ ਵਿੱਚ ਵੀ ਚਾਲ ਸੁਸਤ

ਮੌਨਸੂਨ ਦੀ ਚਾਲ ਤੇ ਤੀਬਰਤਾ 'ਤੇ ਅਲਨੀਨੋ ਦਾ ਅਸਰ ਵਧਦਾ ਨਜ਼ਰ ਆ ਰਿਹਾ ਹੈ। ਕੇਰਲ ਵਿੱਚ ਮੌਨਸੂਨ ਦੇ ਆਗਮਨ ਦੇ ਦੋ ਹਫਤਿਆਂ ਦੇ ਅੰਦਰ ਹੀ ਇਸ ਦੇ ਤੇਵਰ ਢਿੱਲੇ ਪੈਣ ਲੱਗੇ ਹਨ। ਪੱਛਮੀ ਹਿੱਸੇ ਵਿੱਚ ਇੱਕ ਹਫਤੇ ਤੋਂ ਮੌਨਸੂਨ ਰੁਕਿਆ ਹੋਇਆ ਹੈ, ਜਦੋਂਕਿ ਪੂਰਬ ਵਿੱਚ ਵੀ ਇਸ ਦੀ ਰਫਤਾਰ ਕਾਫ਼ੀ ਮੱਠੀ ਹੈ। ਜੂਨ ਵਿੱਚ ਹੁਣ ਤੱਕ ਦੇਸ਼ ਵਿੱਚ ਆਮ ਨਾਲੋਂ 28 ਫੀਸਦੀ ਘੱਟ ਬਾਰਿਸ਼ ਦਰਜ ਕੀਤੀ ਗਈ ਹੈ। ਅਲਨੀਨੋ ਦੀ ਸਥਿਤੀ ਅਜੇ ਬਹੁਤ ਅਸਰਦਾਰ ਨਹੀਂ ਮੰਨੀ ਜਾ ਰਹੀ, ਪਰ ਮੌਸਮ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਇਹ ਸਤੰਬਰ ਤੱਕ ਮਜ਼ਬੂਤ ਹੋ ਸਕਦਾ ਹੈ। ਅਲਨੀਨੋ ਦੌਰਾਨ ਪ੍ਰਸ਼ਾਂਤ ਮਹਾਸਾਗਰ ਦਾ ਪਾਣੀ ਆਮ ਨਾਲੋਂ ਵੱਧ ਗਰਮ ਹੋ ਜਾਂਦਾ ਹੈ, ਜਿਸ ਦਾ ਅਸਰ ਦੁਨੀਆਂ ਦੇ ਕਈ ਦੇਸ਼ਾਂ ਦੇ ਮੌਸਮ 'ਤੇ ਪੈਂਦਾ ਹੈ। ਭਾਰਤ ਵਿੱਚ ਇਸ ਦਾ ਸਬੰਧ ਕਮਜ਼ੋਰ ਮੌਨਸੂਨ ਤੋਂ ਘੱਟ ਬਾਰਿਸ਼ ਨਾਲ ਜੋੜਿਆ ਜਾਂਦਾ ਹੈ। ਆਮ ਤੌਰ 'ਤੇ ਜੂਨ ਨੂੰ ਮੌਨਸੂਨ ਦੇ ਵਿਸਥਾਰ ਦਾ ਮਹੀਨਾ ਮੰਨਿਆ ਜਾਂਦਾ ਹੈ, ਪਰ ਇਸ ਵਾਰ ਸਥਿਤੀ ਕੁਝ ਵੱਖਰੀ ਹੈ। 4 ਜੂਨ ਨੂੰ ਦੇਸ਼ ਵਿੱਚ ਦਾਖਲ ਹੋਣ ਦੇ ਕੁਝ ਦਿਨ ਤੱਕ ਮੌਨਸੂਨ ਦੀ ਕਾਰਗੁਜ਼ਾਰੀ ਤਸੱਲੀਬਖਸ਼ ਰਹੀ, ਪਰ ਬਾਅਦ ਵਿੱਚ ਰਫਤਾਰ ਮੱਠੀ ਪੈ ਗਈ। ਸਕਾਈਮੇਟ ਦੇ ਜੇ. ਪੀ. ਸ਼ਰਮਾ ਮੁਤਾਬਕ, ਅਗਲੇ ਸੱਤ ਤੋਂ ਦੱਸ ਦਿਨਾਂ ਤੱਕ ਹਾਲਾਤ ਵਿੱਚ ਸੁਧਾਰ ਦੇ ਸੰਕੇਤ ਨਹੀਂ ਹਨ। ਆਮ ਤੌਰ 'ਤੇ 'ਬ੍ਰੇਕ ਮੌਨਸੂਨ' ਦੀ ਸਥਿਤੀ ਜੁਲਾਈ ਜਾਂ ਅਗਸਤ ਵਿੱਚ ਦਿਖਾਈ ਦਿੰਦੀ ਹੈ, ਪਰ ਜੂਨ ਵਿੱਚ ਮੌਨਸੂਨ ਦੀ ਇਹ ਸੁਸਤੀ ਚਿੰਤਾ ਦਾ ਵਿਸ਼ਾ ਹੈ। ਇਸ ਸੁਸਤੀ ਦਾ ਸਭ ਤੋਂ ਵੱਡਾ ਕਾਰਨ ਬੰਗਾਲ ਦੀ ਖਾੜੀ ਅਤੇ ਅਰਬ ਸਾਗਰ ਵਿੱਚ ਕਿਸੇ ਮਜ਼ਬੂਤ ਮੌਸਮ ਪ੍ਰਣਾਲੀ ਦਾ ਵਿਕਸਿਤ ਨਾ ਹੋ ਸਕਣਾ ਹੈ। ਬੰਗਾਲ ਦੀ ਖਾੜੀ ਵਿੱਚ ਬਣਨ ਵਾਲੇ ਘੱਟ ਦਬਾਅ ਖੇਤਰ ਅਤੇ ਚੱਕਰਵਾਤ ਮੌਨਸੂਨ ਨੂੰ ਮਜ਼ਬੂਤੀ ਦਿੰਦੇ ਹਨ ਅਤੇ ਉਸ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਤੇਜ਼ੀ ਨਾਲ ਵਧਣ ਵਿੱਚ ਮਦਦ ਕਰਦੇ ਹਨ। ਫਿਲਹਾਲ ਅਜਿਹੀ ਕੋਈ ਸਰਗਰਮ ਪ੍ਰਣਾਲੀ ਦਿਖਾਈ ਨਹੀਂ ਦੇ ਰਹੀ। ਮੌਸਮ ਵਿਗਿਆਨ ਵਿਭਾਗ (ਆਈ. ਐਮ. ਡੀ.) ਦੇ ਡਾਇਰੈਕਟਰ ਜਨਰਲ ਡਾ. ਮ੍ਰਿਤਿਊਂਜਯ ਮਹਾਪਾਤਰਾ ਮੁਤਾਬਕ ਅਰਬ ਸਾਗਰ ਵਿੱਚ ਲੋ-ਲੈਵਲ ਜੈਟ ਵੀ ਲੋੜੀਂਦੀ ਤੌਰ 'ਤੇ ਵਿਕਸਿਤ ਨਹੀਂ ਹੋਇਆ, ਜਿਸ ਨਾਲ ਮੌਨਸੂਨ ਨੂੰ ਜ਼ਰੂਰੀ ਤਾਕਤ ਨਹੀਂ ਮਿਲ ਪਾ ਰਹੀ। ਆਈ. ਐਮ. ਡੀ. ਦੇ ਡਾਇਰੈਕਟਰ ਜਨਰਲ ਦਾ ਕਹਿਣਾ ਹੈ ਕਿ 20 ਜੂਨ ਤੋਂ ਬਾਅਦ ਹਾਲਾਤ ਕੁਝ ਬਿਹਤਰ ਹੋ ਸਕਦੇ ਹਨ। ਬੰਗਾਲ ਦੀ ਖਾੜੀ ਵਿੱਚ ਮੌਸਮ ਪ੍ਰਣਾਲੀ ਵਿਕਸਿਤ ਹੋਣ ਦੀ ਉਮੀਦ ਹੈ, ਜਿਸ ਨਾਲ ਮੌਨਸੂਨ ਮਹਾਰਾਸ਼ਟਰ ਤੋਂ ਅੱਗੇ ਵਧਣਾ ਸ਼ੁਰੂ ਹੋ ਸਕਦਾ ਹੈ।

ਪੀ.ਏ.ਯੂ. ਨੇ ਮੁੜ ਮਨਵਾਇਆ ਲੋਹਾ, ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਬਣੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ. ਏ. ਯੂ.) ਨੇ ਇੱਕ ਵਾਰ ਫਿਰ ਦੇਸ਼ ਦੀ ਸਰਵੋਤਮ ਖੇਤੀਬਾੜੀ ਯੂਨੀਵਰਸਿਟੀ ਵਜੋਂ ਆਪਣਾ ਲੋਹਾ ਮਨਵਾਇਆ ਹੈ। ਇੰਟਰਨੈਸ਼ਨਲ ਇੰਸਟੀਚਿਊਸ਼ਨਲ ਰੈਂਕਿੰਗ ਫਰੇਮਵਰਕ (ਆਈ. ਆਈ. ਆਰ. ਐਫ.) 2026 ਦੀ ਤਾਜ਼ਾ ਰੈਂਕਿੰਗ ਵਿੱਚ ਪੀ. ਏ. ਯੂ. ਨੇ ਦੇਸ਼ ਦੀਆਂ 67 ਖੇਤੀਬਾੜੀ ਅਤੇ ਬਾਗਬਾਨੀ ਯੂਨੀਵਰਸਿਟੀਆਂ ਵਿੱਚੋਂ ਸਿਖਰਲਾ ਸਥਾਨ ਹਾਸਲ ਕੀਤਾ ਹੈ। ਇਸ ਦੇ ਨਾਲ ਹੀ ਦੇਸ਼ ਦੀਆਂ ਸਮੁੱਚੀਆਂ ਸੰਸਥਾਵਾਂ ਦੀ ਸ਼੍ਰੇਣੀ ਵਿੱਚ ਯੂਨੀਵਰਸਿਟੀ ਨੂੰ ਦੂਜਾ ਦਰਜਾ ਮਿਲਿਆ ਹੈ। ਰੈਂਕਿੰਗ ਵਿੱਚ ਦੇਸ਼ ਦੀਆਂ ਨਾਮਵਰ ਸੰਸਥਾਵਾਂ ਜਿਵੇਂ ਤਾਮਿਲਨਾਡੂ ਖੇਤੀਬਾੜੀ ਯੂਨੀਵਰਸਿਟੀ, ਜੀ. ਬੀ. ਪੰਤ ਖੇਤੀਬਾੜੀ ਅਤੇ ਤਕਨਾਲੋਜੀ ਯੂਨੀਵਰਸਿਟੀ, ਖੇਤੀ ਵਿਗਿਆਨੀ ਯੂਨੀਵਰਸਿਟੀ, ਬੈਂਗਲੁਰੂ, ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ ਅਤੇ ਸ਼ੇਰੇ-ਕਸ਼ਮੀਰ ਖੇਤੀਬਾੜੀ ਯੂਨੀਵਰਸਿਟੀ ਵੀ ਸ਼ਾਮਿਲ ਸਨ, ਪਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਭ ਨੂੰ ਪਿੱਛੇ ਛੱਡਦਿਆਂ ਪਹਿਲਾ ਸਥਾਨ ਕਾਇਮ ਰੱਖਿਆ। ਪੀ. ਏ. ਯੂ. ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਇਸ ਪ੍ਰਾਪਤੀ ਨੂੰ ਯੂਨੀਵਰਸਿਟੀ ਲਈ ਮਾਣ ਵਾਲਾ ਪਲ ਕਰਾਰ ਦਿੰਦਿਆਂ ਕਿਹਾ ਕਿ ਖੇਤੀ ਖੋਜ, ਅਕਾਦਮਿਕਤਾ ਅਤੇ ਪਸਾਰ ਸੇਵਾਵਾਂ ਦੇ ਖੇਤਰ ਵਿੱਚ ਕੀਤੇ ਜਾ ਰਹੇ ਲਗਾਤਾਰ ਯਤਨਾਂ ਦਾ ਇਹ ਨਤੀਜਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਯੂਨੀਵਰਸਿਟੀ ਭਵਿੱਖ ਵਿੱਚ ਵੀ ਇਹ ਮਾਣਮੱਤਾ ਦਰਜਾ ਬਰਕਰਾਰ ਰੱਖੇਗੀ। ਰਜਿਸਟਰਾਰ ਡਾ. ਰਿਸ਼ੀਪਾਲ ਸਿੰਘ ਨੇ ਕਿਹਾ ਕਿ ਇਹ ਪ੍ਰਾਪਤੀ ਯੂਨੀਵਰਸਿਟੀ ਦੀ ਅਕਾਦਮਿਕ ਅਤੇ ਖੋਜ ਉੱਤਮਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪੀ. ਏ. ਯੂ. ਨੇ ਹਰੇਕ ਮਾਪਦੰਡ 'ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਆਈ. ਆਈ. ਆਰ. ਐਫ. ਵੱਲੋਂ ਇਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਕੀਤੀ ਗਈ ਦਰਜਾਬੰਦੀ ਵਿੱਚ ਪੀ. ਏ. ਯੂ. ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੇਸ਼ ਦੀ ਨੰਬਰ ਇੱਕ ਖੇਤੀਬਾੜੀ ਯੂਨੀਵਰਸਿਟੀ ਦਾ ਦਰਜਾ ਮੁੜ ਆਪਣੇ ਨਾਮ ਕੀਤਾ ਹੈ।

RNI/42269/83 (PUNPUN00806) Postage Registered No. PB/PTA/0338/2025-2027

ਮਿੱਟੀ ਅਤੇ ਪਾਣੀ ਪਰਖ ਅਧਾਰਿਤ ਖਾਦ ਵਰਤੋਂ ਨਾਲ ਘਟੇਗੀ ਲਾਗਤ ਅਤੇ ਸੁਧਰੇਗੀ ਮਿੱਟੀ ਦੀ ਸਿਹਤ - ਡਾ. ਅਸ਼ੋਕ ਗਰਗ

ਰਸਾਇਣਕ ਖਾਦਾਂ ਦੀ ਸੰਤੁਲਿਤ, ਸੁਚੱਜੀ ਵਰਤੋਂ ਅਤੇ ਜੀਵਾਣੂੰ ਖਾਦਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਬੁੱਗਰਾਂ ਵਿਖੇ ਝੋਨੇ ਅਤੇ ਬਾਸਮਤੀ ਦੀ ਪੌਦ ਨੂੰ ਲੱਗਣ ਵਾਲੇ ਜੀਵਾਣੂੰ ਖਾਦ

ਦੇ ਟੀਕੇ, ਮਿੱਟੀ ਪਰਖ ਆਧਾਰਿਤ ਖਾਦ ਪ੍ਰਬੰਧਨ ਅਤੇ ਫਾਸਫੋਰਸ ਖਾਦ ਨੂੰ ਝੋਨੇ ਵਿੱਚ ਪਾਉਣ ਤੋਂ ਗੁਰੇਜ਼ ਕਰਨ ਸਬੰਧੀ ਪਿੰਡ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਕੈਂਪ ਵਿੱਚ 30 ਦੇ ਕਰੀਬ ਕਿਸਾਨਾਂ ਨੇ ਹਿੱਸਾ ਲਿਆ।

ਕੈਂਪ ਦੀ ਅਗਵਾਈ ਕਰਦੇ ਹੋਏ ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ, ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਨਾ ਸਿਰਫ਼ ਖੇਤੀ ਦੀ ਲਾਗਤ ਘਟਦੀ ਹੈ, ਸਗੋਂ ਫਸਲ ਦੀ ਪੈਦਾਵਾਰ ਅਤੇ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਹੁੰਦਾ ਹੈ। ਉਨ੍ਹਾਂ ਮੌਕੇ 'ਤੇ ਹੀ ਮਿੱਟੀ ਦੇ ਨਮੂਨੇ ਲੈਣ ਦੀ ਵਿਧੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਖੁਦ ਨਮੂਨਾ ਲੈ ਕੇ ਕਿਸਾਨਾਂ ਨੂੰ ਪ੍ਰਯੋਗਾਤਮਕ ਤਰੀਕੇ ਨਾਲ ਸਮਝਾਇਆ।

ਡਾ. ਗਰਗ ਨੇ ਕਿਸਾਨਾਂ ਨੂੰ ਝੋਨੇ ਅਤੇ ਬਾਸਮਤੀ ਵਿੱਚ ਡੀ.ਏ.ਪੀ. ਖਾਦ ਦੀ ਬੇਲੋੜੀ ਵਰਤੋਂ ਤੋਂ ਬਚਣ ਅਤੇ ਯੂਰੀਆ ਖਾਦ ਦੀ ਵੀ ਸੰਜਮ ਨਾਲ ਵਰਤੋਂ ਕਰਨ ਦੀ ਅਪੀਲ ਕੀਤੀ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਕੱਦੂ ਕਰਨ ਤੋਂ ਪਹਿਲਾਂ ਯੂਰੀਆ ਦੇ 2-3 ਥੈਲੇ ਵਰਤਣ ਦੀ ਪ੍ਰਥਾ ਤੋਂ ਗੁਰੇਜ ਕਰਨ ਲਈ ਕਿਹਾ। ਉਨ੍ਹਾਂ ਝੋਨੇ ਵਿੱਚ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਸਿਫਾਰਿਸ਼ ਕੀਤੀ ਮਾਤਰਾ ਅਨੁਸਾਰ

ਹੀ ਜ਼ਿੰਕ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ।

ਜੈਵਿਕ ਖਾਦਾਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਡਾ. ਗਰਗ ਨੇ ਕਿਹਾ ਕਿ ਝੋਨੇ ਦੀ ਪੌਦ ਨੂੰ ਲੱਗਣ ਵਾਲਾ ਐਜ਼ੋਸਪਾਇਰਲਮ ਦਾ ਟੀਕਾ ਫਸਲ ਦੀ ਪੈਦਾਵਾਰ ਵਧਾਉਣ ਦੇ ਨਾਲ-ਨਾਲ ਮਿੱਟੀ ਦੀ ਜੈਵਿਕ ਸਿਹਤ ਸੁਧਾਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ।

ਉਨ੍ਹਾਂ ਝੋਨੇ ਦੀ ਪਨੀਰੀ ਤਿਆਰ ਕਰਨ ਲਈ ਸਿਫਾਰਿਸ਼ ਖਾਦਾਂ ਅਤੇ ਹੋਰ ਪ੍ਰਬੰਧਕੀ ਸਿਫਾਰਿਸ਼ਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਦੌਰਾਨ ਡਾ. ਗਰਗ ਨੇ ਝੋਨੇ ਦੀ ਪਨੀਰੀ ਵਿੱਚ ਬੌਣੇ ਬੂਟਿਆਂ ਦੇ ਰੋਗ ਦੀ ਪਛਾਣ ਅਤੇ ਰੋਕਥਾਮ ਸਬੰਧੀ ਸਿਫਾਰਿਸ਼ਾਂ ਵੀ ਸਾਂਝੀਆਂ ਕੀਤੀਆਂ ਅਤੇ ਕਿਸਾਨਾਂ ਨੂੰ ਪਨੀਰੀ ਦੀ ਨਿਯਮਿਤ ਨਿਗਰਾਨੀ ਕਰਨ ਲਈ ਪ੍ਰੇਰਿਆ।

ਕੈਂਪ ਦੀ ਸਫਲਤਾ ਵਿੱਚ ਸ. ਪ੍ਰਿਤਪਾਲ ਸਿੰਘ, ਸ. ਹਰਦੀਪ ਸਿੰਘ, ਸ. ਦਵਿੰਦਰ ਸਿੰਘ (ਸਰਪੰਚ), ਸ. ਬਲਕਾਰ ਸਿੰਘ ਅਤੇ ਹੋਰ ਨੇ ਵਿਸ਼ੇਸ਼ ਯੋਗਦਾਨ ਪਾਇਆ। ਅੰਤ ਵਿੱਚ ਖੇਤੀ ਸਾਹਿਤ ਆਦਿ ਦੀ ਵਿਕਰੀ ਵੀ ਕੀਤੀ ਗਈ।

ਕੈਂਪ ਦੌਰਾਨ ਕਿਸਾਨਾਂ ਵੱਲੋਂ ਪੁੱਛੇ ਗਏ ਵੱਖ-ਵੱਖ ਖੇਤੀਬਾੜੀ ਸਬੰਧੀ ਸਵਾਲਾਂ ਦੇ ਤਰਤੀਬ-ਬੱਧ ਅਤੇ ਵਿਗਿਆਨਕ ਢੰਗ ਨਾਲ ਜਵਾਬ ਦਿੱਤੇ ਗਏ। ਅਖੀਰ ਵਿੱਚ ਡਾ. ਗਰਗ ਨੇ ਸ. ਪ੍ਰਿਤਪਾਲ ਸਿੰਘ ਦੀ ਸਿੱਧੀ ਬਿਜਾਈ ਵਾਲੇ ਬਾਸਮਤੀ ਦੇ ਖੇਤ ਦੇਖੇ ।

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ

ਸਿਰਫ 100/- ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਡਾਕ ਰਾਹੀਂ ਪ੍ਰਾਪਤ ਕਰਨ ਲਈ

ਇੱਕ ਸਾਲ 500/- ਰੁਪਏ

ਦੋ ਸਾਲ 800/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

Website : www.khetiduniyan.in
E-mail : khetiduniyan1983@gmail.com

ਬਾਹਰਲੇ ਸੂਬਿਆਂ ਵਿੱਚ ਭੇਜਣ ਲਈ ਬਾਗ ਵਿੱਚੋਂ ਤੋੜੀ ਗਈ ਲੀਚੀ ।

ਦੁਬਈ ਤੇ ਲੰਡਨ ਦੇ ਲੋਕ ਪਠਾਨਕੋਟ ਦੀ ਲੀਚੀ ਦਾ ਆਨੰਦ ਮਾਣਨਗੇ

ਬੰਪਰ ਪੈਦਾਵਾਰ ਸਦਕਾ ਬਾਗਬਾਨਾਂ ਦੇ ਚਿਹਰੇ ਖਿੜੇ

ਰੇਲ ਗੱਡੀਆਂ ਰਾਹੀਂ ਵੱਖ-ਵੱਖ ਸੂਬਿਆਂ ਵਿੱਚ ਭੇਜੀ ਜਾ ਰਹੀ ਹੈ ਲੀਚੀ

ਪਠਾਨਕੋਟ ਜ਼ਿਲ੍ਹੇ ਵਿੱਚ ਐਤਕੀਂ ਲੀਚੀ ਦੀ ਬੰਪਰ ਪੈਦਾਵਾਰ ਹੋਣ ਕਾਰਨ ਬਾਗਬਾਨ ਕਾਫ਼ੀ ਖੁਸ਼ ਹਨ । ਇੱਥੋਂ ਦੇ ਅਨੁਕੂਲ ਵਾਤਾਵਰਨ ਸਦਕਾ ਲੀਚੀ ਦਾ ਰੰਗ ਕੁਦਰਤੀ ਤੌਰ 'ਤੇ ਗੂੜ੍ਹਾ ਲਾਲ ਹੁੰਦਾ ਹੈ ਅਤੇ ਇਸ ਦੀ ਮਿਠਾਸ ਵੀ ਜ਼ਿਆਦਾ ਹੈ । ਇਸੇ ਗੁਣਵੱਤਾ ਕਰਕੇ ਦੇਸ਼ ਦੇ ਵੱਖ-ਵੱਖ ਰਾਜਾਂ ਸਮੇਤ ਵਿਦੇਸ਼ਾਂ ਵਿੱਚ ਵੀ ਪਠਾਨਕੋਟ ਦੀ ਲੀਚੀ ਦੀ ਮੰਗ ਲਗਾਤਾਰ ਵਧ ਰਹੀ ਹੈ । ਤਾਜ਼ਾ ਉਤਪਾਦਨ ਵਿੱਚੋਂ 8.3 ਟਨ ਲੀਚੀ ਰੇਲ ਗੱਡੀਆਂ ਰਾਹੀਂ ਵੱਖ-ਵੱਖ ਸੂਬਿਆਂ ਲਈ ਰਵਾਨਾ ਕੀਤੀ ਜਾ ਚੁੱਕੀ ਹੈ, ਜਦਕਿ 25 ਕੁਇੰਟਲ ਲੀਚੀ ਜਲਦੀ ਹੀ ਦੁਬਈ ਅਤੇ ਲੰਡਨ ਵਰਗੇ ਵਿਦੇਸ਼ੀ ਬਾਜ਼ਾਰਾਂ ਵਿੱਚ ਭੇਜੀ ਜਾਵੇਗੀ । ਜ਼ਿਲ੍ਹਾ ਬਾਗਬਾਨੀ ਵਿਕਾਸ ਅਧਿਕਾਰੀ-ਕਮ-ਨੋਡਲ ਅਧਿਕਾਰੀ ਜਤਿੰਦਰ ਕੁਮਾਰ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਲੀਚੀ ਭੇਜਣ ਲਈ ਦਿੱਲੀ ਦੇ ਸਰਕਾਰੀ ਵਿਭਾਗ ਅਪੇਡਾ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਵਿਦੇਸ਼ੀ ਬਾਜ਼ਾਰ ਵਿੱਚ ਫ਼ਸਲ ਵੇਚਣ ਨਾਲ ਬਾਗਬਾਨਾਂ ਨੂੰ ਮੋਟਾ ਮੁਨਾਫ਼ਾ ਹੁੰਦਾ ਹੈ । ਹਰ ਸਾਲ ਲੀਚੀ ਹੇਠਲੇ ਰਕਬੇ ਵਿੱਚ 30 ਫ਼ੀਸਦ ਵਾਧਾ ਹੋ ਰਿਹਾ ਹੈ । ਪਿਛਲੇ ਸਾਲ ਜ਼ਿਲ੍ਹੇ ਵਿੱਚ 2300 ਹੈਕਟੇਅਰ ਰਕਬਾ ਸੀ, ਜਿਸ ਵਿੱਚ ਹਰ ਸਾਲ 150 ਹੈਕਟੇਅਰ ਦਾ ਵਾਧਾ ਦਰਜ ਕੀਤਾ ਜਾ ਰਿਹਾ ਹੈ । ਰੇਲ ਗੱਡੀ ਰਾਹੀਂ ਲੀਚੀ ਦਿੱਲੀ, ਬੰਗਲੂਰੂ, ਕੋਲਕਾਤਾ ਅਤੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ ਭੇਜੀ ਜਾ ਰਹੀ ਹੈ । ਇਸ ਤੋਂ ਇਲਾਵਾ ਟਰੱਕਾਂ ਰਾਹੀਂ ਵੀ ਸਪਲਾਈ ਜਾਰੀ ਹੈ । ਜ਼ਿਲ੍ਹੇ ਦੇ ਜਮਾਲਪੁਰ, ਮੁਰਾਦਪੁਰ, ਮਮੂਨ, ਫੂਲ ਪਿਆਰਾ, ਸ਼ੇਰਪੁਰ, ਸ਼ਰੀਫ ਚੱਕ, ਸਿਹੋੜਾ, ਕਥਲੌਰ, ਕੀੜੀ, ਤਲੂਰ ਅਤੇ ਕਟਾਰੂਚੱਕ ਵਰਗੇ ਪਿੰਡ ਲੀਚੀ ਦੇ ਮੁੱਖ ਉਤਪਾਦਕ ਕੇਂਦਰ ਵਜੋਂ ਉੱਭਰੇ ਹਨ ।